ਦਸੰਬਰ 2021, ਅੰਕ 2

# Magazine on Low External Input Sustainable Agriculture

LEISA INDIA
ਖਾਸ ਪੰਜਾਬੀ ਸੰਸਕਰਨ



ਲੀਜ਼ਾ ਇੰਡੀਆ ਦਾ ਸੋਲਵਾਂ ਪੰਜਾਬੀ ਅੰਕ ਲੀਜ਼ਾ ਇੰਡੀਆ ਦੇ ਸਹਿਯੋਗ ਨਾਲ ਖੇਤੀ ਵਿਰਾਸਤ ਮਿਸ਼ਨ ਵੱਲੋਂ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਇਸ ਅੰਕ ਵਿੱਚ ਲੀਜ਼ਾ ਇੰਡੀਆ ਵਿੱਚ ਪ੍ਰਕਾਸ਼ਿਤ ਅੰਗਰੇਜ਼ੀ ਦੇ ਕੁੱਝ ਮੂਲ ਲੇਖਾਂ ਦਾ ਪੰਜਾਬੀ ਅਨੁਵਾਦ ਪਾਠਕਾਂ ਦੀ ਨਜ਼ਰ ਕੀਤਾ ਗਿਆ ਹੈ।

AME Foundation
No. 204, 100 Feet Ring Road, 3rd Phase,
Banashankari 2nd block, 3rd stage,
Bangalore- 560085 , India
Tel: +91-080-22699512, +91-080-22699522
Fax: +91-080-22699410
E-Mail: leisaindia@yahoo.co.in

*ਖੇਤੀ ਵਿਰਾਸਤ ਮਿਸ਼ਨ*
*ਗਲੀ ਨੰ. 4, ਆਰ. ਵੀ. ਸ਼ਾਂਤੀ ਨਗਰ,ਬਾਜਾਖਾਨਾ ਰੋਡ,*
*ਜੈਤੋ-151202 ਸੰਪਰਕ: 01635-231415, 503415*
*ਵੈੱਬਸਾਈਟ:* khetivirasatmission.org
*ਈਮੇਲ:* khetivirasatmission@gmail.com

*ਲੀਜ਼ਾ ਇੰਡੀਆ ਏ. ਐੱਮ. ਈ. ਫਾਂਊਡੇਸ਼ਨ ਦੁਆਰਾ ਆਈ. ਐੱਲ. ਈ. ਆਈ. ਏ. ਦੇ ਸਹਿਯੋਗ ਨਾਲ ਅੰਗਰੇਜ਼ੀ ਭਾਸ਼ਾ ਵਿੱਚ ਪ੍ਰਕਾਸ਼ਿਤ ਕੀਤੀ ਜਾਂਦੀ ਤ੍ਰੈਮਾਸਿਕ ਪੱਤ੍ਰਿਕਾ ਹੈ।*

***ਮੁੱਖ ਸੰਪਾਦਕ:*** *ਕੇ. ਵੀ. ਐੱਸ. ਪ੍ਰਸ਼ਾਦ, ਏ. ਐਮ. ਈ. ਫਾਂਊਡੇਸ਼ਨ*

***ਪ੍ਰਬੰਧਕ ਸੰਪਾਦਕ:*** *ਟੀ.ਐੱਮ. ਰਾਧਾ, ਏ. ਐੱਮ. ਈ. ਫਾਂਊਡੇਸ਼ਨ*

***ਅਨੁਵਾਦ ਕੋਆਰਡੀਨੇਅਰ:*** *ਵੀਨਾ ਮਾਰਕੰਡੇ, ਏ. ਐੱਮ. ਈ. ਫਾਂਊਡੇਸ਼ਨ*

***ਸੰਪਾਦਕ ਮੰਡਲ ਅਤੇ ਪੰਜਾਬੀ ਸੰਸਕਰਨ:*** ਉਮੇਂਦਰ ਦੱਤ, ਅਮਨਜੋਤ ਕੌਰ, ਰੁਪਸੀ ਗਰਗ

**ਪ੍ਰਬੰਧਨ:** ਜੀ. ਜੀ. ਰੁਕਮਨੀ, ਏ. ਐੱਮ. ਈ. ਫਾਂਊਡੇਸ਼ਨ

**ਲੇਆਉਟ ਅਤੇ ਟਾਈਪ ਸੈਟਿੰਗ:** ਜਗਜੀਤ ਸਿੰਘ ਬਰਾੜ

**ਛਪਾਈ:** ਬੀ.ਐੱਲ. ਜਿੰਦਲ ਆਰਟ, ਨੇੜੇ ਐਸ.ਬੀ.ਆਈ. ਬੈਂਕ, ਜੈਤੋ

**ਆਵਰਣ ਫੋਟੋ:** ਖੇਤੀ ਵਿਰਾਸਤ ਮਿਸ਼ਨ

**ਲੀਜ਼ਾ ਪੱਤ੍ਰਿਕਾ ਦੇ ਹੋਰ ਪ੍ਰਕਸ਼ਨ:** ਫਾਰਮਿੰਗ ਮੈਟਰਜ਼ (ਅੰਗਰੇਜ਼ੀ)
ਲੀਸਾ ਰੀਵਿਸਟਾ ਡੇ ਐਗਰੋਈਕੋਲੋਜ਼ੀਆ (ਲਾਤੀਨੀ ਸੰਸਕਰਨ)
ਲੀਸਾ ਇੰਡੀਆ (ਅੰਗਰੇਜ਼ੀ, ਕੰਨੜਾ, ਤਾਮਿਲ, ਉੜੀਆ, ਮਰਾਠੀ, ਹਿੰਦੀ ਅਤੇ ਤੇਲਗੂ ਸੰਸਕਰਨ)
ਐਗਰੀਡੇਪ (ਪੱਛਮੀ ਅਫਰੀਕਾ, ਫਰੈਂਚ ਸੰਸਕਰਨ)
ਐਗਰੀਕਲਚਰਜ਼ ਐਕਸਪੀਰੀਐਂਸਿਆਸ ਏਮ ਐਗਰੋਈਕੋਲੋਜ਼ੀਆ ਬ੍ਰਾਜ਼ੀਲ
ਬੋਆਬਾਬ (ਈਸਟ ਅਫਰੀਕਾ ਅੰਗਰੇਜ਼ੀ ਸੰਸਕਰਨ)

ਸੰਪਾਦਕ ਵੱਲੋਂ ਲੇਖਾਂ ਵਿੱਚ ਪ੍ਰਕਾਸ਼ਿਤ ਜਾਣਕਾਰੀ ਬਾਰੇ ਪੂਰੀ ਸਾਵਧਾਨੀ ਵਰਤੀ ਗਈ ਹੈ। ਫਿਰ ਵੀ ਸਾਂਝੀ ਕੀਤੀ ਗਈ ਜਾਣਕਾਰੀ ਵਿੱਚ ਕਿਸੇ ਵੀ ਕਮੀ ਦੀ ਜ਼ਿੰਮੇਵਾਰ ਸਬੰਧਤ ਲੇਖਕ ਦੀ ਹੋਵੇਗੀ।

ਮਾਇਜ਼ੇਰੀਅਰ ਦੇ ਸਹਿਯੋਗ ਅਤੇ ਖੇਤੀ ਵਿਰਾਸਤ ਮਿਸ਼ਨ ਉੱਦਮ ਸਦਕਾ
ਏ.ਐੱਮ.ਈ. ਦੁਆਰਾ ਪ੍ਰਕਾਸ਼ਿਤ

## ਪਿਆਰੇ ਪਾਠਕੋ

ਏ. ਐੱਮ. ਈ. ਫਾਂਊਡੇਸ਼ਨ ਦੁਆਰਾ ਭਾਰਤ ਵਿੱਚ ਪ੍ਰਕਾਸ਼ਿਤ ਕੌਮਾਂਤਰੀ ਖੇਤੀ ਪੱਤ੍ਰਿਕਾ ਲੀਜ਼ਾ ਇੰਡੀਆਂ ਦੇ ਖੇਤੀ ਵਿਰਾਸਤ ਮਿਸ਼ਨ ਵੱਲੋਂ ਕੱਢੇ ਗਏ ਪੰਜਾਬੀ ਸੰਸਕਰਨ ਦਾ ਸੋਲਵਾਂ ਅੰਕ ਆਪਜੀ ਦੀ ਨਜ਼ਰ ਕਰਦਿਆਂ ਸਾਨੂੰ ਬੇਹੱਦ ਖੁਸ਼ੀ ਹੋ ਰਹੀ ਹੈ। ਪੱਤ੍ਰਿਕਾ ਨੂੰ ਆਪਜੀ ਤੋਂ ਮਿਲ ਰਹੇ ਭਰਪੂਰ ਹੁੰਗਾਰੇ ਅਤੇ ਪਿਆਰ ਸਦਕਾ ਲੀਜ਼ਾ ਪੰਜਾਬੀ ਰਾਹੀਂ ਆਪਜੀ ਨਾਲ ਉੱਚ ਮਿਆਰੀ ਅਤੇ ਅਰਥਪੂਰਨ ਜਾਣਕਾਰੀ ਸਾਂਝੀ ਕਰਨ ਦੀ ਸਾਡੀ ਪ੍ਰਤੀਬੱਧਤਾ ਹੋਰ ਮਜ਼ਬੂਤ ਹੋਈ ਹੈ।

ਸਾਡੀ ਹਮੇਸ਼ਾ ਇਹ ਹੀ ਕੋਸ਼ਿਸ਼ ਰਹੇਗੀ ਕਿ 'ਲੀਜ਼ਾ ਇੰਡੀਆ' ਦੁਆਰਾ ਖੇਤੀ -ਕਿਸਾਨੀ ਦੀ ਬਿਹਤਰੀ ਅਤੇ ਖੇਤੀ ਨੂੰ ਟਿਕਾਊ ਆਜੀਵਿਕਾ ਦਾ ਸਨਮਾਨਜਨਕ ਸਾਧਨ ਬਣਾਉਣ ਲਈ ਚੇਤਨ ਕਿਸਾਨਾਂ ਅਤੇ ਕਿਸਾਨ ਹਿਤੈਸ਼ੀ ਸੰਸਥਾਵਾਂ ਦੁਆਰਾ ਕੀਤੇ ਜਾ ਰਹੇ ਕਾਮਯਾਬ ਤਜ਼ਰਬਿਆਂ ਅਤੇ ਵਿਕਸਤ ਕੀਤੀਆਂ ਜਾ ਰਹੀਆਂ ਕਿਸਾਨ ਅਤੇ ਕੁਦਰਤ ਪੱਖੀ ਖੇਤੀ ਤਕਨੀਕਾਂ ਨੂੰ ਆਪਜੀ ਨਾਲ ਨਿਰੰਤਰ ਸਾਂਝਾ ਕੀਤਾ ਜਾਵੇ।

ਇਹ ਵੀ ਧਿਆਨ ਰੱਖਿਆ ਜਾਵੇਗਾ ਕਿ ਗਿਆਨ, ਜਾਣਕਾਰੀ ਅਤੇ ਤਕਨੀਕਾਂ ਦਾ ਇਹ ਲਿਪੀਬੱਧ ਆਦਾਨ-ਪ੍ਰਦਾਨ ਹਰ ਪੱਖੋਂ ਸਟੀਕ ਅਤੇ ਭਰੋਸੇਮੰਦ ਹੋਵੇ। ਪੱਤ੍ਰਿਕਾ ਦੇ ਇਸ ਅੰਕ ਵਿੱਚ 'ਲੀਜ਼ਾ ਇੰਡੀਆ' ਦੇ ਮੂਲ ਅੰਗਰੇਜ਼ੀ ਸੰਸਕਰਨ ਦੌਰਾਨ ਪ੍ਰਕਾਸ਼ਿਤ ਕੁੱਝ ਚੋਣਵੇਂ ਪ੍ਰੇਰਣਾਦਾਈ ਲੇਖਾਂ ਦਾ ਪੰਜਾਬੀ ਉਲੱਥਾ ਤੁਹਾਡੀ ਨਜ਼ਰ ਕਰਨ ਜਾ ਰਹੇ ਹਾਂ। ਆਸ ਕਰਦੇ ਹਾਂ ਲੀਜ਼ਾ ਇੰਡੀਆ ਦਾ ਹਥਲਾ ਪੰਜਾਬੀ ਸੰਸਕਰਨ ਪਾਠਕਾਂ ਦੀਆਂ ਆਸਾਂ 'ਤੇ ਖਰ੍ਹਾ ਉੱਤਰੇਗਾ।

ਲੀਜ਼ਾ ਇੰਡੀਆ ਟੀਮ
ਦਸੰਬਰ-2021

*ਲੀਜ਼ਾ* ਘੱਟ ਬਾਹਰੀ ਆਗਤਾਂ ਅਤੇ ਟਿਕਾਊ ਖੇਤੀ ਦੀ ਸਿਰਮੌਰ ਪੱਤ੍ਰਿਕਾ ਹੈ। ਇਹ ਕੁਦਰਤ ਨਾਲ ਇੱਕਮਿੱਕਤਾ ਰਾਹੀਂ ਫਸਲਾਂ ਦਾ ਉਤਪਾਦਨ ਅਤੇ ਆਪਣੀ ਆਮਦਨ ਵਧਾਉਣ ਲਈ ਕਾਰਜਸ਼ੀਲ ਕਿਸਾਨਾਂ ਨੂੰ ਤਕਨੀਕੀ ਅਤੇ ਸਮੁਦਾਇਕ ਪਹਿਲਕਦਮੀਆਂ ਤੋਂ ਜਾਣੂ ਕਰਵਾਵਉਂਦੀ ਹੈ। ਲੀਜ਼ਾ ਕੁਦਰਤੀ ਸੋਮਿਆਂ ਅਤੇ ਕੁਦਰਤੀ ਪ੍ਰਕਿਰਿਆਵਾਂ ਦੇ ਸਰਵਉੱਤਮ ਇਸਤੇਮਾਲ ਬਾਰੇ ਜਾਣਕਾਰੀ ਮੁਹੱਈਆ ਕਰਵਾਉਂਦੀ ਹੈ। ਇਹ ਉਹਨਾਂ ਇਸਤ੍ਰੀ, ਪੁਰਸ਼ ਕਿਸਾਨਾਂ ਅਤੇ ਸਮੁਦਾਇਆਂ ਦੇ ਸ਼ਸ਼ਕਤੀਕਰਨ ਲਈ ਕਾਰਜਸ਼ੀਲ ਹੈ ਜਿਹੜੇ ਕਿ ਆਪਣੇ ਗਿਆਨ, ਹੁਨਰ, ਆਪਣੀਆਂ ਕਦਰਾਂ-ਕੀਮਤਾਂ, ਸੱਭਿਆਚਾਰ ਅਤੇ ਅਦਾਰਿਆਂ ਦੇ ਆਧਾਰ 'ਤੇ ਆਪਣਾ ਭਵਿੱਖ ਬਣਾਉਣਾ ਚਾਹੁੰਦੇ ਹਨ। ਲੀਜ਼ਾ ਖੇਤੀ ਵਿੱਚ ਸੁਧਾਰ ਅਤੇ ਇਸਨੂੰ ਬਦਲਦੀਆਂ ਹਾਲਤਾਂ ਅਤੇ ਜ਼ਰੂਰਤਾਂ ਮੁਤਾਬਿਕ ਢਾਲਣ ਲਈ ਖੇਤੀ ਦੇ ਸਹਿਭਾਗੀ ਤਰੀਕੇ ਅਪਣਾ ਕੇ ਕਿਸਾਨਾਂ ਅਤੇ ਖੇਤੀ ਨਾਲ ਜੁੜੇ ਹੋਰਨਾ ਲੋਕਾਂ ਦੀ ਸਮਰਥਾ ਵਧਾਉਣ 'ਤੇ ਜ਼ੋਰ ਦਿੰਦੀ ਹੈ। ਲੀਜ਼ਾ ਰਵਾਇਤੀ ਗਿਆਨ ਅਤੇ ਵਿਗਿਆਨ ਨੂੰ ਆਪਸ ਵਿੱਚ ਜੋੜ ਕੇ ਨੀਤੀ ਨਿਰਮਾਣ ਕਾਰਜ ਨੂੰ ਪ੍ਰਭਾਵਿਤ ਕਰਦੇ ਹੋਏ ਅਗਲੇਰੇ ਵਿਕਾਸ ਲਈ ਅਨੁਕੂਲ ਵਾਤਾਵਰਣ ਤਿਆਰ ਕਰਨ ਦੀ ਇੱਛਾ ਰੱਖਦੀ ਹੈ। ਲੀਜ਼ਾ ਇੱਕ ਵਿਚਾਰ ਹੈ, ਇੱਕ ਪਹੁੰਚ ਹੈ ਇੱਕ ਰਾਜਨੀਤਕ ਸੁਨੇਹਾਂ ਹੈ।

**ਏ. ਐੱਮ. ਈ. ਫਾਂਊਡੇਸ਼ਨ** ਰਵਾਇਤੀ ਗਿਆਨ ਅਤੇ ਨਿਵੇਕਲੀਆਂ ਤਕਨੀਕਾਂ ਦੇ ਮਾਧਿਅਮ ਨਾਲ ਘੱਟ ਬਾਹਰੀ ਆਗਤ ਪ੍ਰਬੰਧਨ ਰਾਹੀਂ ਟਿਕਾਊ ਰੋਜ਼ਗਾਰ ਪੈਦਾ ਕਰਨ ਨੂੰ ਉਤਸ਼ਾਹਿਤ ਕਰਦੀ ਹੈ। ਇਸ ਉਦੇਸ਼ ਦੀ ਪੂਰਤੀ ਲਈ ਏ. ਐੱਮ. ਈ. ਫਾਂਊਡੇਸ਼ਨ ਦੱਖਣ ਦੇ ਅਰਧ ਖੁਸ਼ਕ ਖੇਤਰ ਵਿੱਚ ਛੋਟੇ ਅਤੇ ਸੀਮਾਂਤ ਕਿਸਾਨਾਂ ਨਾਲ ਮਿਲ ਕੇ ਖੇਤੀ ਦੇ ਬਦਲ ਤਿਆਰ ਕਰਨ, ਗਿਆਨ ਵਧਾਉਣ, ਸਿਖਲਾਈ, ਖੇਤੀ ਨੂੰ ਵਿਕਾਸ ਏਜੰਸੀਆਂ ਨਾਲ ਜੋੜਨ ਅਤੇ ਅਨੁਭਵ ਵੰਡਣ ਦਾ ਕੰਮ ਕਰ ਰਹੀ ਹੈ। ਏ. ਐੱਮ. ਈ. ਫਾਂਊਡੇਸ਼ਨ ਪਿੰਡਾਂ ਦੇ ਗੁੱਛਿਆਂ ਵਿੱਚ ਇੱਛਕ ਕਿਸਾਨ ਸਮੂਹਾਂ ਨਾਲ ਉਹਨਾਂ ਨੂੰ ਬਦਲਵੇਂ ਖੇਤੀ ਪੱਦਤੀ ਤਿਆਰ ਕਰਨ ਅਤੇ ਅਪਣਾਉਣ ਦੇ ਯੋਗ ਬਣਾਉਣ ਦਾ ਕਾਰਜ ਪੂਰੀ ਸ਼ਿੱਦਤ ਨਾਲ ਕਰ ਰਹੀ ਹੈ। ਇਹ ਸਥਾਨ ਸਬੰਧਤ ਕਿਸਾਨਾਂ ਅਤੇ ਉਹਨਾਂ ਨੂੰ ਉਤਸ਼ਾਹਿਤ ਕਰਨ ਵਾਲੇ ਅਦਾਰਿਆਂ ਲਈ ਉਹਨਾਂ ਦੀ ਦੇਖਣ-ਸਮਝਣ ਦੀ ਸਮਰਥਾ ਵਿੱਚ ਵਾਧਾ ਕਰਨ ਲਈ ਸਿੱਖਣ ਲਾਇਕ ਹਾਲਤਾਂ ਦੇ ਮੁਹੱਈਆ ਕਰਦੇ ਹਨ। ਇਸ ਵਿੱਚ ਗ਼ੈਰ ਸਰਕਾਰੀ ਸੰਗਠਨ ਅਤੇ ਗ਼ੈਰ ਸਰਕਾਰੀ ਸੰਗਠਨਾਂ ਦੇ ਨੈੱਟਵਰਕ ਵੀ ਸ਼ਾਮਿਲ ਹੈ। www.amefound.org

**ਖੇਤੀ ਵਿਰਾਸਤ ਮਿਸ਼ਨ** ਸਵੈਨਿਰਭਰ, ਸਵੈਮਾਣੀ, ਸਵਦੇਸ਼ੀ ਖੇਤੀ ਅਤੇ ਸਰਬਤ ਦੇ ਭਲੇ ਨੂੰ ਸਮਰਪਿਤ ਲੋਕ ਲਹਿਰ ਹੈ। ਆਪਣੇ ਜਨਮ ਵਰ੍ਹੇ ਮਾਰਚ, 2005 ਤੋਂ ਹੀਇਹ ਪੰਜਾਬ ਨੂੰ ਦੇਰਪੇਸ਼ ਖੇਤੀ ਸਿਹਤਾਂ ਅਤੇ ਵਾਤਾਵਰਣ ਦੇ ਅਤਿ ਗੰਭੀਰ ਸੰਕਟ ਖਿਲਾਫ਼ ਆਮ ਲੋਕਾਂ ਨੂੰ ਚੇਤਨ ਕਰਦੇ ਹੋਏ ਇਸ ਸੰਕਟ ਦੇ ਮੂਲ ਕਾਰਣ ਜ਼ਹਿਰੀਲੀ ਰਸਾਇਣਿਕ ਖੇਤੀ ਦੇ ਬਦਲ ਵਜੋਂ ਜ਼ਹਿਰ ਮੁਕਤ ਕੁਦਰਤੀ ਖੇਤੀ ਦੀ ਸਥਾਪਨਾ ਲਈ ਯਤਨਸ਼ੀਲ ਹੈ। ਵਰਤਮਾਨ ਸਮੇਂ ਸੂਬੇ ਭਰ ਵਿੱਚ ਸੈਂਕੜੇ ਕਿਸਾਨ ਖੇਤੀ ਵਿਰਾਸਤ ਮਿਸ਼ਨ ਦੀ ਰਹਿਨੁਮਾਈ ਵਿੱਚ ਪੂਰੀ ਸਫਲਤਾ ਨਾਲ ਜ਼ਹਿਰ ਮੁਕਤ ਕੁਦਰਤੀ ਖੇਤੀ ਦੀ ਸੁਨਹਿਰੀ ਇਬਾਰਤ ਲਿਖ ਰਹੇ ਹਨ। (www.khetivirasatmission.org)

**ਮਾਇਜ਼ੇਰੀਅਰ** ਦੀ ਸਥਾਪਨਾਂ 1958 ਵਿੱਚ ਹੋਈ। ਇਹ ਜ਼ਰਮਨ ਕੈਥੋਲਿਕ ਬਿਸ਼ਪ ਦੀ ਵਿਕਾਸਤਮਕ ਸਹਿਯੋਗ ਨਾਮਕ ਸੰਸਥਾ ਹੈ। ਬੀਤੇ 50 ਤੋਂ ਵੀ ਜਿਆਦਾ ਸਾਲਾਂ ਤੋਂ ਮਾਇਜ਼ੇਰੀਅਰ ਅਫਰੀਕਾ, ਏਸ਼ੀਆ ਅਤੇ ਲੈਟਿਨ ਅਮਰੀਕਾ ਵਿੱਚ ਗਰੀਬੀ ਖਿਲਾਫ਼ ਲੜਨ ਲਈ ਵਚਨਬੱਧ ਹੈ। ਜਾਤੀ, ਧਰਮ ਅਤੇ ਲਿੰਗ ਭੇਦ ਤੋਂ ਉਪਰਾਮ ਮਾਇਜ਼ੇਰੀਅਰ ਕਿਸੇ ਵੀ ਮਨੁੱਖੀ ਜ਼ਰੂਰਤ ਦੀ ਪੂਰਤੀ ਹਿੱਤ ਸਹਿਯੋਗ ਲਈ ਤਤਪਰ ਹੈ। ਮਾਇਜ਼ੇਰੀਅਰ ਗਰੀਬਾਂ ਅਤੇ ਜ਼ਰੂਰਤਮੰਦਾ ਦੁਆਰਾ ਸ਼ੁਰੂ ਕੀਤੇ ਅਤੇ ਅਪਣਾਏ ਗਏ ਕਾਰਜਾਂ ਨੂੰ ਸਹਿਯੋਗ ਕਰਨ ਵਿੱਚ ਵਿਸ਼ਵਾਸ ਰਖਦਾ ਹੈ। ਇਹ ਆਪਣੇ ਸਥਾਨਕ ਭਾਗੀਦਾਰਾਂ ਨਾਲ ਮਿਲ ਕੇ ਕੰਮ ਕਰਨ ਨੂੰ ਪਹਿਲ ਦਿੰਦਾ ਹੈ। ਇਹ ਲਾਭਪਾਤਰੀਆਂ ਅਤੇ ਸਹਿਯੋਗੀ ਸੰਗਠਨਾਂ ਨੂੰ ਨਾਲ ਲੈ ਕੇ ਵਿਕਾਸ ਦੇ ਸਥਾਨਕ ਕਾਰਜਾਂ ਦੀ ਰੂਪਰੇਖਾ ਤੈਅ ਕਰਦਾ ਹੈ ਅਤੇ ਸਬੰਧਤ ਪ੍ਰੋਜੈਕਟ ਲਾਗੂ ਕਰਨ ਵਿੱਚ ਸਹਿਯੋਗ ਕਰਦਾ ਹੈ। ਇਹ ਹੀ ਕਾਰਨ ਹੈ ਕਿ ਮਾਇਜ਼ੇਰੀਅਰ ਆਪਣੇ ਸਹਿਭਾਗੀਆਂ ਨਾਲ ਮਿਲ ਕੇ ਨਿਰੰਤਰ ਬਦਲਦੀਆਂ ਚੁਣੌਤੀਆਂ ਪ੍ਰਤਿ ਤਿਆਰ-ਬਰ-ਤਿਆਰ ਖੜਾ ਹੈ। (www.misereor.de;misereor.org)

# ਇਸ ਅੰਕ ਵਿੱਚ



## ਪੋਸ਼ਣ ਭਰਪੂਰ ਬ.ਗੀਚੀ ਕਰੋਨਾ ਦੇ ਹਲਾਤਾਂ ਵਿੱਚ ਉਮੀਦ ਦੀ ਕਿਰਨ

2020 ਵਿੱਚ ਕੋਰੋਨਾ ਵਾਇਰਸ ਦੇ ਸੰਕ੍ਰਮਣ ਦੇ ਫੈਲਣ ਦੇ ਵਿਨਾਸ਼ਕਾਰੀ ਪ੍ਰਭਾਵਾ ਦਾ ਸਾਹਮਣਾ ਕਰ ਰਿਹਾ ਹੈ। ਪਰ ਦੂਜੇ ਪਾਸੇ ਦੇਸ਼ਾਂ ਵਿੱਚ ਸੰਕ੍ਰਮਣ ਦੇ ਸਿੱਧੇ ਸੰਪਰਕ ਵਿੱਚ ਆਉਣ ਤੇ ਵੀ ਵੱਡੇ ਸਟਾਲ ਮੂੰਹ ਅੱਡੀ ਖੜੇ ਹਨ। ਆਪਣੀ ਲੋਕਾਂ ਦੀ ਰੋਜੀ-ਰੋਟੀ ਖੁੱਸ ਜਾਣ, ਬੇਰੁਜਗਾਰੀ, ਭੁੱਖਮਰੀ ਅਤੇ ਨਾਗਰਿਕਾ ਦੀ ਸਮੁੱਚੀ ਸਿਹਤ ਵਿੱਚ ਆਈ ਗਿਰਾਵਟ ਨਾਲ ਨਜਿੱਠ ਰਹੇ ਹਾਂ।

ਪੇਜ ਨੰ: 5





## ਸਵਦੇਸੀ ਕਿਸਾਨ ਮਜਬੂਤੀ ਨਾਲ ਆਰਥਿਕ ਮੰਦੀ ਖਿਲਾਫ ਖੜੇ ਹਨ।

*'ਫਾਰਮ ਆਨ ਵਹੀ ਨਾਲ'* ਸਥਾਨਕ ਉਪਜ ਨੂੰ ਵੇਚਣ ਦੀ ਪਹਿਲ ਨੇ ਕਿਸਾਨ ਸਮੂਹਾਂ ਨੂੰ ਵਿਕੇਂਦ੍ਰੀਕ੍ਰਿਤ ਤਰੀਕੇ ਨਾਲ ਵਿਭਿੰਨ ਸਥਾਨਕ ਬਜ਼ਾਰਾਂ ਤਕ ਪਹੁੰਚ ਕਰਨ ਦੇ ਸਮਰੱਥ ਬਣਾਇਆ ਹੈ। ਇਸ ਤਰਾ ਦੀ ਪਹਿਲ ਨੇ ਬਾਕੀ ਕਿਸਾਨ ਸਮੂਹਾ ਅੱਗੋ ਮੇਘਾਲਿਆ ਵਿੱਚ NESFAS ਨਾਲ ਸਹਿਯੋਗ ਕਰਨ ਅਤੇ ਇਸ ਨੂੰ ਅਪਣਾਉਣ ਅਤੇ ਆਪਣੇ ਆਪਣੇ ਖ਼ੇਤਰਾ ਵਿੱਚ ਇਸਨੂੰ ਅੱਗੇ ਲੈ ਜਾਣ ਲਈ ਪ੍ਰੋਤਸਾਹਿਤ ਕੀਤਾ ਹੈ।

ਪੇਜ ਨੰ: 7

## ਕੁਟੰਬਾ ਕਾਈ ਥੋਟਾਂਜ

'ਕੁਟੰਬਾ ਕਾਈ ਥੋਟਾਜ' ਜਾਂ ਪਰਿਵਾਰ ਦੀ ਘਰੇਲੂ ਬਗੀਚੀ ਨੂੰ ਪਰਿਵਾਰਾਂ ਦੇ ਪੋਸ਼ਟਿਕ ਆਹਾਰ ਦੀ ਪੂਰਤੀ ਅਤੇ ਵਾਧੂ ਆਮਦਨੀ ਦੇ ਸ੍ਰੋਤ ਵਜੋ ਕਰਨਾਟਕਾ ਵਿੱਚ ਸਫਲਤਾ ਪੂਰਵਕ ਪ੍ਰੋਤਸਾਹਿਤ ਕੀਤਾ ਜਾ ਰਿਹਾ ਹੈ। ਸਾਡੇ ਭੋਜਨ ਦੀ ਗੁਣਵੱਤਾ ਅਤੇ ਸੁਰੱਖਿਆ ਬਾਰੇ ਵਧਦੀ ਜਾਗਰੂਕਤਾ ਦੇ ਨਾਲ ਸਬਜੀਆਂ ਨੇ ਆਪਣੀ ਤਾਜਗੀ, ਸਫਾਈ ਅਤੇ ਪੌਸ਼ਣ ਕਰਕੇ ਗ੍ਰਾਹਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਪਿੰਡਾਂ ਦੇ ਛੋਟੇ ਕਿਸਾਨਾਂ ਦੇ ਨਾਲ-ਨਾਲ ਹੁਣ ਉੱਦਮੀ ਅਤੇ ਸੌਕੀਨ ਵੀ ਹੁਣ ਸਬਜੀਆਂ ਦੀ ਖੇਤੀ ਵੱਲ ਆ ਰਹੇ ਹਨ।

ਪੇਜ ਨੰ: 10





## ਐੱਪ ਜਿਸਨੇ ਕਿਸਾਨਾਂ ਦੀ ਵੱਧ ਝਾੜ ਲੈਣ ਵਿੱਚ ਮਦਦ ਕੀਤੀ

ਨਾਪਾਂਤਾ 'ਖੇਤੀ ਫਸ਼ਲ ਪ੍ਰਬੰਧਨ' ਨਾਮ ਦੀ ਮੋਬਾਇਲ ਐਪਲੀਕੇਸ਼ਨ ਹੈ ਜਿਸਨੂੰ ਮੁਫਤ ਵਿੱਚ ਡਾਊਨਲੋਡ ਕੀਤਾ ਜਾ ਸਕਦਾ ਹੈ। ਇਹ ਐਂਡਰਾਇਡ ਉਪਰ ਉਪਲੱਬਧ ਹੈ। ਅਤੇ ਆਂਧਰਾ ਪ੍ਰਦੇਸ਼ ਅਤੇ ਤੇਲੰਗਾਨਾਂ ਦੇ 1,17,000 ਕਿਸਾਨ ਇਸਨੂੰ ਇਸਤੇਮਾਲ ਕਰ ਰਹੇ ਹਨ। ਦਸੰਬਰ 2016 ਵਿੱਚ ਹੈਦਰਾਬਾਦ ਦੇ ਨਵੀਨ ਕੁਮਾਰ ਨੇ ਆਪਣੇ ਗ੍ਰਹਿ ਨਗਰ ਹਨਮਕੰਡਾ ਤੋ ਵਾਰੰਗਲ ਵਿੱਚ ਪੈਂਦਾ ਹੈ,ਜਾਣ ਦਾ ਫੈਸਲਾ ਕੀਤਾ। 'ਅਪਨਾਲੋਨ ਬਾਜ਼ਾਰ' ਦੇ ਸੰਸਥਾਪਕ ਇਸ ਨੌਜਵਾਨ ਨੂੰ ਸਾਇਦ ਇਹ ਅੰਦਾਜਾ ਤੱਕ ਨਹੀ ਸੀ ਕਿ ਇਹ ਯਾਤਰਾ ਉਸਦੀ ਜਿੰਦਗੀ ਬਦਲ ਦੇਵੇਗੀ। (ਲੋਨ ਉਪਲੱਬਧ ਕਰਵਾਉਣ ਵਾਲਾ ਆਨਲਾਈਨ ਮੰਚ)

ਪੇਜ ਨੰ: 12

## ਮੰਡੀਕਰਨ ਲਈ ਡਿਜੀਟਲ ਹੱਲ

ਹਰਿਆਣਾ ਬਾਗਬਾਨੀ ਵਿਭਾਗ ਅਤੇ ਸੌਰਸ ਟਰੇਸ ਡਿਜੀਟਲ ਮੰਚ ਨੇ ਉਤਪਾਦਕ ਅਤੇ ਗ੍ਰਾਹਕ ਨੂੰ ਇੱਕ ਸਾਂਝਾ ਮੰਚ ਪ੍ਰਾਦਾਨ ਕਰਨ ਲਈ ਆਪਸ ਵਿੱਚ ਸਹਿਯੋਗ ਨਾਲ ਇੱਕ ਉਪਰਾਲਾ ਸ਼ੁਰੂ ਕੀਤਾ ਹੈ। ਇਹ ਡਿਜੀਟਲ ਉਪਰਾਲਾ ਉਤਪਾਦਕ ਐੱਫ.ਪੀ.ਓ ਨੂੰ ਬਾਜ਼ਾਰ ਵਿੱਚ ਵੱਧ ਕੀਮਤ ਲਈ ਗੱਲਬਾਤ ਕਰਨ ਦੇ ਸਮਰੱਥ ਬਣਾਉਦੀ ਹੈ ਜਿਸ ਦਾ ਸਿੱਧਾ ਲਾਭ ਕਿਸਾਨਾਂ ਨੂੰ ਮਿਲਦਾ ਹੈ।



ਪੇਜ ਨੰ: 16

## ਸਾਡਾ ਬਗੀਚਾ ਸਾਡੀ ਜਿੰਦਗੀ

ਸੰਸਾਰ ਨੂੰ ਪਾਰ ਕਰਦੇ ਹੋਏ, 'ਆਪਣਾ ਭੋਜਨ ਉਗਾਓ' ਦਾ ਸੰਕਲਪ ਪ੍ਰਸਿੱਧੀ ਪ੍ਰਾਪਤ ਕਰ ਰਿਹਾ ਹੈ, ਖਾਸ ਤੌਰ ਤੇ ਸ਼ਹਿਰਾਂ ਵਿੱਚ ਠੋਸ ਰਹਿੰਦ - ਖੂੰਹਦ ਸਾਡੀਆਂ ਗਲੀਆਂ ਅਤੇ ਜਲ ਸ੍ਰੋਤਾਂ ਨੂੰ ਪ੍ਰਦੂਸ਼ਿਤ ਕਰਦਾ ਹੈ। ਇਹ ਗਰੀਬੀ, ਬਾਲਣ ਅਤੇ ਪਾਣੀ ਦੀ ਕਮੀ ਵਿੱਚ ਯੋਗਦਾਨ ਪਾਉਦਾ ਹੈ। ਹਰ ਘਰ ਵਿੱਚ ਇੱਕ ਵਿਹੜਾ ਜਾਂ ਛੱਤ ਵਾਲਾ ਰਸੋਈ ਬਗੀਚਾ ਬਣ ਸਕਦਾ ਹੈ।

ਪੇਜ ਨੰ: 19



## ਸੰਪਾਦਕੀ

ਮਨੁੱਖੀ ਸੱਭਿਅਤਾ ਦਾ ਕੇਂਦਰ ਖੁਰਾਕ ਅਤੇ ਸਿਹਤ ਹੁੰਦੇ ਹਨ। ਪਿਛਲੇ ਚਾਰ ਦਹਾਕਿਆਂ ਤੋਂ ਸਾਡੀ ਖੇਤੀ ਦਾ ਖੁਰਾਕ ਨਾਲੋਂ ਰਿਸ਼ਤਾ ਟੁੱਟਨ ਕਰਕੇ ਅਸੀਂ ਆਪਣੇ ਭੋਜਨ ਲਈ ਗੈਰ ਕੁਦਰਤੀ ਵਰਤਾਰਿਆਂ ਨੂੰ ਅਪਨਾ ਚੁੱਕੇ ਹਾਂ। ਅੱਜ ਖੇਤੀ ਦਾ ਰਿਸ਼ਤਾ ਖੁਰਾਕ ਨਾਲ ਨਹੀਂ ਅਤੇ ਖੁਰਾਕ ਦਾ ਰਿਸ਼ਤਾ ਪੋਸ਼ਣ ਨਾਲ ਨਹੀਂ ਰਿਹਾ ਅਤੇ ਪੋਸ਼ਣ ਰਹਿਤ ਖੁਰਾਕ ਸਮਾਜ ਨੂੰ ਸਿਹਤ ਨਹੀਂ ਦੇ ਸਕਦੀ। ਤਾਂ ਇਸੇ ਲਈ ਜਰੂਰੀ ਹੈ ਅਸੀਂ ਕੁਦਰਤ ਵੱਲ, ਆਪਨੀਆਂ ਜੜ੍ਹਾਂ ਵੱਲ ਅਤੇ ਕੁਦਰਤੀ ਤੌਰ ਤੇ ਉਗਾਈ ਹੋਈ ਖੁਰਾਕ ਵੱਲ ਵਾਪਸ ਪਰਤੀਏ। ਕੁਦਰਤੀ ਖੇਤੀ ਅਤੇ ਕੁਦਰਤੀ ਘਰੇਲੂ ਬਗੀਚੀ ਸਾਨੂੰ ਜ਼ਹਿਰ ਮੁਕਤ ਪੋਸ਼ਣ ਯੁੱਕਤ ਖੁਰਾਕ ਦਿੰਦੀਆਂ ਹਨ। ਇਸ ਵਿੱਚ ਵੀ ਗਰੀਬ ਅਤੇ ਭੂਮੀ ਹੀਣ ਪਰਿਵਾਰਾਂ ਲਈ ਘਰੇਲੂ ਬਗੀਚੀ ਇੱਕ ਵੱਡੀ ਭੂਮਿਕਾ ਨਿਭਾਉਂਦੇ ਹਨ।

ਪਿਛਲੇ ਕੁੱਝ ਸਮੇਂ ਤੋਂ ਪੂਰੇ ਦੇਸ਼ ਵਿੱਚ ਜ਼ਹਿਰ ਮੁਕਤ ਘਰੇਲੂ ਬਗੀਚੀ ਦਾ ਜ਼ਹਿਰ ਮੁਕਤ ਘਰੇਲੂ ਬਗੀਚੀ ਦਾ ਪਰਚਲਣ ਵਧਿਆ ਹੈ। ਲੋਕ ਆਪਣੇ ਘਰ ਵਿੱਚ ਜ਼ਹਿਰ ਮੁਕਤ ਘਰੇਲੂ ਬਗੀਚੀ ਲਗਾਉਣ ਵੱਲ ਅੱਗੇ ਵਧੇ ਹਨ।

ਲੀਸਾ ਇੰਡੀਆ ਦੇ ਇਸ ਪੰਜਾਬੀ ਅੰਕ ਵਿੱਚ ਅਸੀ ਦੇਸ਼ ਭਰ ਦੇ ਵਿੱਚ ਘਰੇਲੂ ਬਗੀਚੀ ਨਾਲ ਪੋਸ਼ਣ ਅਤੇ ਸਿਹਤ ਦੇ ਕਾਮਯਾਬ ਮਾਡਲ ਖੜ੍ਹੇ ਕਰਨ ਵਾਲੇ ਲੋਕਾਂ ਦੀ ਕਹਾਣੀ ਆਪ ਜੀ ਅੱਗੇ ਪੇਸ਼ ਕਰ ਰਹੇ ਹਾਂ।

ਉਮੀਦ ਹੈ ਘਰੇਲੂ ਬਗੀਚੀ ਦੀਆਂ ਇਹ ਕਾਮਯਾਬ ਕਹਾਣੀਆਂ ਪਾਠਕਾਂ ਨੂੰ ਚੰਗੀਆਂ ਲਗਣਗੀਆਂ ਅਤੇ ਉਹ ਪੰਜਾਬ ਦੇ ਵਿੱਚ ਖੁਰਾਕ ਨੂੰ ਜ਼ਹਿਰ ਮੁਕਤ ਕਰਨ ਦੇ ਅਭਿਆਨ ਵਿੱਚ ਹੋਰ ਜ਼ੋਰ ਨਾਲ ਯੋਗਦਾਨ ਪਾਉਣ ਵੱਲ ਅੱਗੇ ਵਧਣਗੇ।




# ਪੋਸ਼ਣ ਭਰਪੂਰ ਬ.ਗੀਚੀ ਕਰੋਨਾ ਦੇ ਹਲਾਤਾਂ ਵਿੱਚ ਉਮੀਦ ਦੀ ਕਿਰਨ

**ਲਕਸਮੀ ਉਨੀਥਨ**

2020 ਵਿੱਚ ਕੋਰੋਨਾ ਵਾਇਰਸ ਦੇ ਸੰਕ੍ਰਮਣ ਦੇ ਫੈਲਣ ਦੇ ਵਿਨਾਸ਼ਕਾਰੀ ਪ੍ਰਭਾਵਾ ਦਾ ਸਾਹਮਣਾ ਕਰ ਰਿਹਾ ਹੈ। ਪਰ ਦੂਜੇ ਪਾਸੇ ਦੇਸ਼ਾਂ ਵਿੱਚ ਸੰਕ੍ਰਮਣ ਦੇ ਸਿੱਧੇ ਸੰਪਰਕ ਵਿੱਚ ਆਉਣ ਤੇ ਵੀ ਵੱਡੇ ਸਟਾਲ ਮੂੰਹ ਅੱਡੀ ਖੜੇ ਹਨ। ਆਪਣੀ ਲੋਕਾਂ ਦੀ ਰੋਜੀ-ਰੋਟੀ ਖੁੱਸ ਜਾਣ, ਬੇਰੁਜਗਾਰੀ, ਭੁੱਖਮਰੀ ਅਤੇ ਨਾਗਰਿਕਾ ਦੀ ਸਮੁੱਚੀ ਸਿਹਤ ਵਿੱਚ ਆਈ ਗਿਰਾਵਟ ਨਾਲ ਨਜਿੱਠ ਰਹੇ ਹਾਂ। ਲਾਕਡਾਉਨ ਕਰਕੇ ਖੇਤੀ ਅਰਥਵਿਵਸਥਾ ਉੱਪਰ ਬਹੁਤ ਮਾੜਾ ਅਸਰ ਪਿਆ, ਹਾਲਾਂਕਿ ਸਰਕਾਰ ਨੇ ਕਿਸਾਨਾਂ ਨੂੰ ਸੁਰੱਖਿਆ ਦੇਣ ਲਈ ਕੁੱਝ ਉਪਾਅਾਂ ਦੀ ਘੋਸਣਾ ਕੀਤੀ ਸੀ। ਪਰ ਖਾਧ ਅਪੂਰਤੀ ਵਿੱਚ ਆਈਆਂ ਰੁਕਾਵਟਾਂ ਕਰਕੇ ਦੇਸ਼ ਭਰ ਦੇ ਕਿਸਾਨ ਪ੍ਰਭਾਵਿਤ ਹੋਏ ਅਤੇ ਇਸਦਾ ਸਭ ਤੋ ਬੁਰਾ ਅਸਰ ਛੋਟੇ ਅਤੇ ਸੀਮਾਂਤ ਕਿਸਾਨਾਂ ਉੱਪਰ ਪਿਆ। ਕਿਸਾਨ ਜਲਦੀ ਖਰਾਬ ਹੋ ਜਾਣ ਵਾਲੀਆਂ ਫ਼ਸਲਾਂ ਜਿਵੇ ਸਬਜੀਆਂ-ਫਲਾਂ ਦੀ ਵਾਢੀ ਕਰਨ ਅਤੇ ਮੰਡੀ ਤੱਕ ਪਹੁੰਚਾਉਣ ਲਈ ਮੁਸ਼ਕਿਲਾ ਦਾ ਸਾਹਮਣਾ ਕਰ ਰਹੇ ਹਨ ਕਿਉਂਕਿ ਮਜਦੂਰਾਂ ਦੀ ਕਮੀ ਪੈ ਗਈ, ਆਵਾਜਾਈ ਦੇ ਸਾਧਨ ਵੀ ਬੰਦ ਹੋ ਗਏ ਸਨ ਅਤੇ ਬਾਜਾਰ ਦਾ ਸੰਚਾਰਨ ਵੀ ਕਾਫੀ ਘੱਟ ਗਿਆ ਸੀ। ਅਸੀ ਕਈ ਹੋਰ ਚਣੌਤੀਆ ਇਸ ਕੋਰੋਨਾ ਕਾਲ ਦੇ ਦੌਰਾਨ ਬਿਲਕੁਲ ਹੀ ਭੁੱਲ ਗਏ।

ਜਿਵੇ ਮੌਸਮ ਦਾ ਪੈਟਰਨ, ਜਲ ਸੰਕਟ, ਮਿੱਟੀ ਦਾ ਖੋਰ ਜੋ ਕਿ ਭਵਿੱਖ ਵਿੱਚ ਭੋਜਨ ਦੀ ਪੂਰਤੀ ਨੂੰ ਪ੍ਰਭਾਵਿਤ ਕਰਨਗੇ। ਖੇਤੀ ਉਤਪਾਦਨ ਵਿੱਚ ਵਿਭਿੰਨਤਾ ਹੀ ਇਹਨਾਂ ਚਣੌਤੀਆਂ ਨੂੰ ਹੱਲ ਕਰਨ ਵਿੱਚ ਮਦਦ ਕਰ ਸਕਤੀਆਂ ਹੈ ਅਤੇ ਭੋਜਨ ਨੂੰ ਕੋਲੋਰੀ ਭਰਪੂਰ ਤੋ ਪੌਸ਼ਟਿਕਤਾ ਭਰਪੂਰ ਵਿੱਚ ਬਦਲ ਸਕਦੇ ਹਨ। ਸਥਿਰ ਖਾਧ ਮੁੱਲ ਲੜੀ ਵਿਕਸਿਤ ਕਰਨ ਨਾਲ ਹੀ ਖਾਧ ਮੁੱਲ ਲੜੀ ਵਿਕਸਿਤ ਕਰਨ ਨਾਲ ਹੀ ਖਾਧ ਪ੍ਰਣਾਲੀ ਵਿੱਚ ਬਦਲਾਅ ਲਿਆਂਦਾ ਜਾ ਸਕਦਾ ਹੈ।

ਲਾਕਡਾਉਨ ਦੌਰਾਨ ਸਾਡੇ ਦਿਮਾਗ ਵਿੱਚ ਸਿਰਫ ਇਕ ਤਰਾ ਦਾ ਖਿਆਲ ਆ ਰਿਹਾ ਸੀ ਕਿ ਕਿਵੇ ਇਕੋ ਸਮੇ ਸਾਫ-ਸੁਥਰਾ ਅਤੇ ਪੌਸ਼ਟਿਕ ਭੋਜਨ ਮਿਲ ਸਕੇ। ਅਸੀ ਸੰਪੂਰਨ ਭੋਜਨ ਤੋ ਕੈਲਰੀ ਭਰਪੂਰ ਪਾਸਤਾ ਅਤੇ ਬਰਗਰ ਤੱਕ ਇੱਕ ਲੰਬਾ ਸਫਰ ਤੈਅ ਕੀਤਾ। ਇੱਕ ਸਮਾਂ ਸੀ ਜਦੋ ਸਾਡੇ ਘਰ ਦੇ ਪਿੱਛੇ ਲੱਗੇ ਬਗੀਚੇ ਵਿੱਚੋ ਹੀ ਸਾਨੂੰ ਸ਼ੁੱਧ ਅਤੇ ਸਾਫ ਸੁਥਰਾ ਅਤੇ ਪੌਸ਼ਟਿਕ ਭੋਜਨ ਮਿਲਦਾ ਸੀ। ਜੋ ਸਾਡੀ



*ਵਾੜੀ ਤਹਿਤ ਸ਼ੁਰੂ ਕੀਤੀ ਘਰੇਲੂ ਬਗੀਚੀ ਵਿੱਚੋਂ ਔਰਤ ਖੁਰਾਕੀ ਤੱਤਾਂ ਭਰਪੂਰ ਸਬਜ਼ੀਆਂ ਤੋੜਦੀ ਹੋਈ*

ਰਸੋਈ ਵਿੱਚ ਪੱਕਦਾ ਸੀ। ਹਾਲੇ ਵੀ ਇਸ ਤਰਾ ਦੇ ਬਗੀਚੇ ਮਿਲ ਜਾਣਗੇ। ਇਹਨੀ ਦਿਨੀਂ ਸਥਾਨਕ ਹੋਣ ਨੂੰ ਨਵੀਨਤਾ ਦਾ ਨਾਮ ਦਿੱਤਾ ਗਿਆ ਹੈ ਅਤੇ ਇਸ ਉੱਪਰ ਆਧੁਨਿਕਤਾ ਦੀ ਮੋਹਰ ਵੀ ਲਗਾ ਦਿੱਤੀ ਗਈ ਹੈ। ਅਤੇ ਸੁਪਰਮਾਰਕਿਟ ਵਿੱਚ ਇਹ ਉਪਲੱਬਧ ਵੀ ਹਨ।

ਦੇਸ਼ ਭਰ ਵਿੱਚ ਪੌਸ਼ਟਿਕਤਾ ਨਾਲ ਭਰਪੂਰ ਬਗੀਚੀ ਨੂੰ ਕਈ ਸੰਸਥਾਵਾਂ ਪ੍ਰੋਤਸਾਹਿਤ ਕਰ ਰਹੀਆਂ ਹਨ ਪਰ ਇਸ ਵਿੱਚ ਸਥਾਨਕ ਸਬਜੀਆਂ ਨੂੰ ਜਰੂਰ ਸਾਮਿਲ ਕੀਤਾ ਜਾਣਾ ਚਾਹੀਦਾ ਹੈ। ਕਿਉਂਕਿ ਇਹ ਪੋਸ਼ਣ ਅਤੇ ਸਿਹਤ ਦੇ ਨਾਲ - ਨਾਲ ਸਮੁਦਾਇ, ਸੰਸਕ੍ਰਿਤੀ ਅਤੇ ਪਰਿਸਥਿਤਿਕ ਤੰਤਰ ਦੇ ਵਿਕਾਸ ਵਿੱਚ ਮਦਦ ਕਰਦੇ ਹਨ। ਉਦਾਹਰਨ ਲਈ ਛੱਤੀਸਗੜ ਦੀ ਸਰਕਾਰ ਨੇ ਪੌਸਟਿਕ ਬਗੀਚੀ ਦੀ ਮਹੱਤਤਾ ਨੂੰ ਸਮਝਦੇ ਹੋਏ ਐਫ ਜੀ ਜੀ ਬੀ (ਨਰਵਾਗੁਰੂ ਇੱਕ ਅਰੂਆਬਾੜੀ) ਪ੍ਰੋਗਰਾਮ ਦੇ ਅਧੀਨ ਬਾੜੀ (ਬਗੀਚੀ) ਵਿਕਸਿਤ ਕਰਨ ਦੇ ਕੰਮ ਨੂੰ ਸਾਮਿਲ ਕੀਤਾ ਹੈ ਅਤੇ ਬਾੜੀ (ਬਗੀਚੀਆ) ਕਿਵੇ ਵਿਕਸਿਤ ਕੀਤੀਆ ਜਾਣ, ਇਸ ਸੰਬੰਧੀ ਦਿਸ਼ਾ-ਨਿਰਦੇਸ਼ ਜਾਰੀ ਵੀ ਕਰ ਦਿੱਤੇ ਹਨ। ਸਰਕਾਰ ਦੁਆਰਾ ਇਹਨਾਂ ਬਗੀਚੀਆਂ ਨੂੰ ਵਿਕਸਿਤ ਕਰਨ ਲਈ ਉਠਾਏ ਗਏ ਕਦਮਾਂ ਨਾਲ ਇਸ ਮੌਸਮੀ ਅਤੇ ਮਹਾਂਮਾਰੀ ਦੀਆਂ ਚਣੌਤੀਆਂ ਦੇ ਸਮੇਂ ਵਿੱਚ ਯਕੀਨਨ ਹੀ ਖਾਧ ਸੁਰੱਖਿਆ ਅਤੇ ਪੌਸ਼ਟਿਕਤਾ ਦੀ ਦਿਸ਼ਾ ਵਿੱਚ ਸਕਾਰਾਤਮਕ ਪਰਿਵਰਤਨ ਆਉਣਗੇ।

ਪਗਦਾਨ ਦੀ ਇੱਕ ਰਿਪੋਰਟ ਮੁਤਾਬਿਕ (ਅਰਪਣ ਭੱਟਾਚਾਰੀਆ, ਅਤੇ ਅਜੇ ਗੁਪਤਾ, ਐਗ੍ਰੀਕਲਚਰ ਵਰਲਡ ਜੂਨ 2020) ਰੋਸੀ ਬਘੇਲ, ਜੋ ਕਿ ਬਸਤਰ ਦੇ ਇੱਕ ਮੱਧਵਰਤੀ ਕਿਸਾਨ ਹਨ, ਦੀ

ਕਹਾਣੀ ਕਾਫੀ ਪ੍ਰੇਰਣਾਦਾਇਕ ਹੈ। ਉਹਨਾਂ ਨੇ ਆਪਣੀ ਬਾੜੀ ਵਿਕਸਿਤ ਕੀਤੀ ਅਤੇ ਨਾਬਾਰਡ ਦੇ ਕਵੀ ਪ੍ਰੋਗਰਾਮ ਅਧੀਨ, ਜਿਲਾ ਬਾਗਬਾਨੀ ਵਿਭਾਗ, ਮਨਰੇਗਾ ਅਤੇ ਪਰਦਾਨ ਤੋ ਸਹਾਇਤਾ ਪ੍ਰਾਪਤ ਕੀਤੀ ਅਤੇ ਖੇਤੀ ਦੀਆਂ ਨਵੀਆ ਤਕਨੀਕਾਂ ਸਿੱਖੀਆਂ ਜਿਸ ਨਾਲ ਅੱਜ ਉਹ ਸਨਮਾਨਜਨਕ ਆਮਦਨੀ ਕਰ ਪਾ ਰਹੇ ਹਨ। ਇਸ ਸਭ ਨੇ ਉਹਨਾਂ ਨੂੰ ਖੇਤੀ ਦੇ ਬਦਲਦੇ ਤੌਰ ਤਰੀਕਿਆਂ ਜਿਵੇ ਆਪਣੀ ਬਾੜੀ ਵਿੱਚ ਪੌਸਟਿਕਤਾ ਭਰਪੂਰ ਘਰੇਲੂ ਬਗੀਚੀ ਲਗਾਉਣਾ ਆਦਿ ਵਿੱਚ ਭਾਗ ਲੈਣ ਲਈ ਮੰਚ ਪ੍ਰਦਾਨ ਕੀਤਾ ਹੈ। ਬਾੜੀ ਵਣਵਾਸੀਆਂ ਦੇ ਹਰ ਘਰ ਵਿੱਚ ਪਾਈ ਜਾਦੀ ਹੈ ਜਿਸ ਵਿੱਚ ਮੱਕੀ, ਮੂਲ ਅਨਾਜ ਅਤੇ ਸਥਾਨਕ ਸਬਜੀਆ ਜਿਵੇ ਪਪੀਤਾ, ਸੁਹੰਜਨਾ, ਪਰਮਲ, ਚਿੱਟਾ ਪੇਠਾ ਅਤੇ ਕਈ ਤਰਾ ਦੀਆਂ ਹਰੀਆਂ ਪੱਤੇਦਾਰ ਸਬਜੀਆਂ ਉਗਾਈਆਂ ਜਾਂਦੀਆ ਹਨ। ਜਿਸ ਨਾਲ ਆਮਦਨੀ ਦੇ ਨਾਲ-ਨਾਲ ਜਰੂਰਤ ਸਮੇ ਸਬਜੀਆਂ ਦੀ ਭਰਪੂਰ ਪੂਰਤੀ ਹੁੰਦੀ ਹੈ। ਬਾੜੀਆਂ ਆਦੀਵਾਸੀਆਂ ਖਾਸ ਕਰਕੇ ਮਹਿਲਾਵਾਂ ਲਈ ਇੱਕ ਅਨਮੋਲ ਸ੍ਰੋਤ ਹਨ। ਇਹਨਾਂ ਬਾੜੀਆਂ ਅਤੇ ਪੇਂਡੂ ਘਰਾਂ ਦੀ ਭਲਾਈ ਵਿੱਚ ਇਹਨਾਂ ਦੀ ਬਹੁਪੱਖੀ ਭੂਮਿਕਾ ਬਾਰੇ ਕੀਤੀਆਂ ਕਈ ਖੋਜਾਂ ਵੀ ਇਸ ਗੱਲ ਦਾ ਸਮਰਥਨ ਕਰਦੀਆਂ ਹਨ। ਕੋਰੋਨਾ ਕਾਲ ਵਿੱਚ ਮਹਿਲਾਵਾਂ ਦੁਆਰਾ ਅਜਿਹੇ ਪ੍ਰੋਗਰਾਮਾਂ ਅਧੀਨ ਖਾਧ ਸੁਰੱਖਿਆ ਲਈ ਬਾੜੀਆਂ ਵਿਕਸਿਤ ਕਰਵਾਉਣ ਲਈ ਆਪਣਾ ਰਜਿਟ੍ਰੇਸ਼ਨ ਕਰਵਾਉਣ ਦੀ ਸੰਖਿਆ ਵਿੱਚ ਵਾਧਾ ਦੇਖਿਆ ਗਿਆ ਹੈ। 'ਸਥਾਨਕ' ਔਰੋਵਿਲਾ ਪੁਡੂਚੇਰੀ ਦੇ ਰਹਿਣ ਵਾਲੇ ਸੌਲੀਟਿਊਡ ਫਾਰਮ ਦੇ ਕਰਤਾ - ਧਰਤਾ ਕ੍ਰਿਸ਼ਨਾ ਮੈਕੇਲੀ ਦੁਆਰਾ ਚਲਾਇਆ ਗਿਆ ਉੱਤਮ ਹੈ। ਸਥਾਨਕ ਭੋਜਨ ਉਗਾਉਣੇ ਆਸਾਨ ਹੁੰਦੇ ਹਨ ਅਤੇ ਬਹੁਤ ਜਿਆਦਾ ਮਾਤਰਾ ਵਿੱਚ ਉਗਾਏ ਜਾ ਸਕਦੇ ਹਨ। ਉਹਨਾਂ ਨੂੰ ਘੱਟ ਦੇਖਭਾਲ ਦੀ ਲੋੜ ਪੈਦੀ ਹੈ ਅਤੇ ਘੱਟ ਪਾਣੀ ਦੀ ਲੋੜ ਹੁੰਦੀ ਹੈ। ਇਹ ਆਸਾਨੀ ਨਾਲ ਹੋ ਜਾਂਦੇ ਹਨ ਅਤੇ ਪੋਸ਼ਣ ਨਾਲ ਭਰਪੂਰ ਹੁੰਦੇ ਹਨ ਅਤੇ ਹਰ ਇੱਕ ਲਈ ਆਰਥਿਕ ਤੌਰ ਤੇ ਵਿਹਾਰਕ ਵਿਕਲਪ ਹੁੰਦੇ ਹਨ।

ਪਾਲਕ, ਰਤਾਲ ਅਤੇ ਹੋਰ ਪਪੀਤੇ ਦੀ ਵਿਸ਼ਾਲ ਵਿਭਿੰਨਤਾ ਤੋ ਲਾਭ ਉਠਾਇਆ ਜਾ ਸਕਦਾ ਹੈ ਜੇਕਰ ਲੋਕ ਸਚੇਤ ਹੋ ਕੇ ਹਫਤੇ ਵਿੱਚ ਕੁੱਝ ਵਾਰ ਇਹ ਖਾਣ। ਸਾਡੀ ਚੇਤਨਾ ਵਿੱਚ ਵੀ ਵੱਡਾ ਬਦਲਾਅ ਆਵੇਗਾ ਕਿਉਕਿ ਅਸੀ ਧਰਤੀ ਮਾਂ ਨਾਲ ਆਪਣਾ ਕਿਉਕਿ ਅਸੀ ਧਰਤੀ ਮਾਂ ਨਾਲ ਆਪਣਾ ਰਿਸ਼ਤਾ ਫਿਰ ਤੋ ਸੰਬੰਧ ਸਥਾਪਤ ਕਰ ਸਕਾਂਗੇ। ਕੋਰੋਨਾ ਕਾਲ ਤੋ ਬਾਅਦ ਸੌਲੀਟਿਊਡ ਖੇਤ ਦੀ ਸਬਜੀਆਂ ਦੀ ਟੋਕਰੀ ਲੈਣ ਲਈ ਰਜਿਸਟ੍ਰੇਸਨ ਕਰਵਾਉਣ ਵਾਲਿਆਂ ਦੀ ਗਿਣਤੀ ਵਧੀ ਹੈ।

ਗੁਜਰਾਤ ਦੀ ਇੱਕ ਸੰਸਥਾ 'ਉੱਥਾਨ' ਜੋ ਕਿ ਪੇਂਡੂ ਸਮੁਦਾਇਆਂ ਦੇ ਲਗਾਤਾਰ ਸੰਪਰਕ ਵਿੱਚ ਰਹਿੰਦੀ ਹੈ, ਨੇ ਨੋਟਿਸ ਕੀਤਾ ਕਿ ਕੋਰੋਨਾ ਕਾਲ ਵਿੱਚ ਪਿੰਡਾ ਦੇ ਲੋਕਾਂ ਦੀ ਵਧੀਆ ਸਬਜੀਆ ਤੱਕ ਜਾ ਗੁਣਵੱਤਾ ਭਰਪੂਰ ਟਿਕਾਊ ਬੀਜ ਕਿਸਮਾਂ ਤੱਕ ਪਹੁੰਚ ਨਹੀ ਸੀ। ਆਮਦਨੀ ਕਮੀ ਕਾਰਨ ਜਿਆਦਾਤਰ ਪਰਿਵਾਰ ਸਬਜੀ ਖਰੀਦਣ ਨੂੰ ਮਹੱਤਵ ਨਹੀ ਦੇ ਰਹੇ ਸੀ। ਜਿਸਦਾ ਸਭ ਤੋ ਬੁਰਾ ਪ੍ਰਭਾਵ ਮਹਿਲਾਵਾਂ ਅਤੇ ਬੱਚਿਆਂ ਉੱਪਰ ਪਿਆ ਬਹੁਤ ਸਾਰੇ ਮਜਦੂਰ ਪਰਿਵਾਰਾਂ ਕੋਲ ਸਬਜੀਆਂ ਉਗਾਉਣ ਦਾ ਵਿਕਲਪ ਵੀ ਨਹੀ ਸੀ। 53 ਪਿੰਡਾਂ ਵਿੱਚ 2514 ਪਰਿਵਾਰਾਂ ਨੂੰ ਘਰੇਲੂ ਬਗੀਚੀ ਦੀਆਂ ਕਿੱਟਾਂ ਮੁਹੱਈਆ ਕਰਵਾਈਆਂ ਗਈਆਂ। ਤੱਟੀ ਇਲਾਕੇ ਦੇ 864 ਪਰਿਵਾਰਾਂ ਅਤੇ ਆਦੀਵਾਸੀਆਂ ਦੇ 1650 ਪਰਿਵਾਰਾਂ ਨੂੰ ਛੇ ਕਿਸਮ ਦੇ ਬੀਜ਼ ਦਿੱਤੇ ਗਏ। ਜੈਵਿਕ ਖਾਦ ਦੀ ਪੂਰਤੀ ਦਾ ਜਿੰਮਾ ਮਹਿਲਾਵਾਂ ਦੇ ਸਮੂਹ ਅਤੇ ਜੈਵਿਕ ਖੇਤੀ ਕਰਨ ਵਾਲੇ ਕਿਸਾਨਾ ਦੁਆਰਾ ਸੰਭਾਲਿਆ ਗਿਆ। ਕਿਵੇ 1000-1500 ਵਰਗ ਫੁੱਟ ਜਮੀਨ ਲਈ ਢੁੱਕਵੀ ਸੀ। ਇਸ ਕਿੱਟ ਵਿੱਚ ਸਬਜੀਆਂ ਦੀਆਂ ਸਥਾਨਕ ਕਿਸਮਾਂ ਦੇ ਬੀਜ ਵੇਚੇ ਗਏ। ਕਿੱਟ ਵਿੱਚ ਭਿੰਡੀ, ਗਵਾਰਫਲੀ, ਲੌਕੀ, ਕਰੇਲਾ, ਰਵਾਂਹ, ਤੋਰੀ ਆਦਿ ਦੇ ਬੀਜ ਉਥਾਨ ਸੰਸਥਾ ਦੁਆਰਾ ਤੈਅ ਕੀਤੇ ਗਏ ਸੁਰੱਖਿਆ ਮਾਨਕਾ ਅਧੀਨ ਦਿੱਤੇ ਗਏ। ਇਸਦੇ ਨਾਲ ਹੀ ਮਾਸਕ, ਦਸਤਾਨੇ ਅਤੇ ਦੋ ਗਜ ਦੀ ਦੂਰੀ ਦਾ ਵੀ ਸੰਸਥਾ ਦੇ ਵਲੰਟੀਅਰਾ ਦੁਆਰਾ ਪੂਰਾ ਧਿਆਨ ਰੱਖਿਆ ਗਿਆ। ਪੰਚਾਇਤ ਅਤੇ ਪਿੰਡ ਦੇ ਮੋਹਤਬਰਾਂ ਦਾ ਪੂਰਾ ਸਹਿਯੋਗ ਮਿਲਿਆ। ਟਿਕਾਊ ਖੇਤੀ ਬਾਰੇ ਮਹਿਲਾ ਪ੍ਰੇਨਰਾ ਦੁਆਰਾ ਪਰਚਿਆ, ਜੈਵ ਕੀਟਨਾਸ਼ਕਾ ਅਤੇ ਹੋਰ ਖੇਤੀ ਤਰੀਕਿਆ ਬਾਰੇ ਡਿਜੀਟਲ ਤਕਨੀਕ ਦਾ ਇਸਤੇਮਾਲ ਕਰਦਿਆ ਪਿੰਡ ਵਾਸੀਆਂ ਨੂੰ ਸਿਖਾਇਆ ਗਿਆ। ਇਸ ਸੰਕਟ ਦੇ ਸਮੇ ਇਹਨਾ 2514 ਪਰਵਿਾਰਾਂ ਨੇ ਹੋਰ 7500 ਪਰਿਵਾਰਾਂ ਨੂੰ ਸਹਿਯੋਗ ਦੇਣ ਦੀ ਵਚਨਵੱਧਤਾ ਦਿਖਾਈ, ਖਾਸ ਕਰਕੇ ਉਹਨਾਂ ਪਰਿਵਾਰਾ ਨੂੰ ਜਿੰਨਾਂ ਕੋਲ ਸਬਜੀਆਂ ਉਗਾਉਣ ਲਈ ਜਮੀਨ ਨਹੀ ਸੀ ਜਾਂ ਫਿਰ ਪਾਣੀ ਦਾ ਸਾਧਨ ਨਹੀ ਸੀ। ਇਹਨਾਂ ਪਰਿਵਾਰਾਂ ਵੱਲੋ ਮੱਧ ਜੁਲਾਈ ਤੋ ਸਤੰਬਰ 2020 ਤੱਕ 7500 ਪਰਿਵਾਰਾਂ ਨੂੰ 700 ਗ੍ਰਾਮ ਦਿਨ ਦੇ ਹਿਸਾਬ ਨਾਲ ਸਬਜੀਆਂ ਦੀ ਆਨੁਵਰਤੀ ਕੀਤੀ ਗਈ ਇਹ ਮਾਤਰਾ ਔਸਤ ਛੇ ਮੈਂਬਰਾਂ ਦੇ ਇੱਕ ਪਰਿਵਾਰ ਲਈ ਕਾਫੀ ਸੀ। ਸਾਨੂੰ ਹੋਰ ਵੀ ਅਜਿਹੀਆਂ ਮੁਹਿੰਮਾਂ ਚਲਾਉਣ ਦੀ ਲੋੜ ਹੈ ਜਿਸ ਵਿੱਚ ਅਸੀ ਘਰੇਲੂ ਬਗੀਚੀ ਰਾਂਹੀ ਵਿਭਿੰਨ ਕਿਸਮਾਂ ਉਗਾ ਕੇ ਪੌਸਟਿਕ ਭੋਜਨ ਉਪਲੱਬਧ ਕਰਵਾ ਸਕੀਏ। ਸਾਨੂੰ ਇਸ ਔਖੇ ਸਮੇਂ ਵਿੱਚ ਮਹਿਲਾਵਾਂ ਅਤੇ ਬੱਚਿਆਂ ਦੀ ਸਿਹਤ ਅਤੇ ਪੋਸ਼ਣ ਦੀ ਜਰੂਰਤ ਵੱਲ ਧਿਆਨ ਦੇਣ ਦੀ ਲੋੜ ਹੈ ਅਤੇ ਪ੍ਰਤੀਰੱਖਿਆ ਪ੍ਰਣਾਲੀ ਨੂੰ ਸਿਰਫ ਅਤੇ ਸਿਰਫ ਸਥਾਨਕ ਫਲ ਸਬਜੀਆਂ ਰਾਹੀ ਵਧਾਇਆ ਜਾ ਸਕਦਾ ਹੈ ਇਸਦੇ ਨਾਲ ਹੀ ਸਾਨੂੰ ਅਜਿਹੇ ਕਿਸਾਨਾਂ ਦੇ ਸਾਥ ਦੀ ਲੋੜ ਹੈ, ਜੋ ਆਪਣੀ ਸਥਾਨਕ ਖੇਤੀ ਦੀ ਵਿਰਾਸਤ ਨੂੰ ਮਹੱਤਵ ਦੇਣ ਅਤੇ ਇੱਕ ਅਜਿਹੇ ਸਮੁਦਾਇ ਦੀ ਸਿਰਜਣਾ ਵਿੱਚ ਸਹਿਯੋਗ ਕਰਨ ਜੋ ਕਿਸਾਨਾਂ ਨੂੰ ਆਰਥਿਕ ਤੌਰ ਤੇ ਸਨਮਾਨ ਦੇਣ। ●

*ਲਕਸ਼ਮੀ ਉਨੀਥਨ*

*ਸੰਪਾਦਕ- ਐਗਰੀਕਲਚਰਵਰਲਡ*

*ਮੁਖੀ - ਪੀ ਆਰ ਅਤੇ ਸੰਚਾਰ*

*ਕ੍ਰਿਸ਼ੀ ਜਾਗਰਨ ਡੀ ਐਮ ਆਰ ਐਗ੍ਰੀ ਮੀਡੀਆ*

E-mail: dr.lakshmi@krishijagran.com

**Nutrition Garden**
**LEISA INDIA, Dec 2020**




ਮਾਵ੍ਰਿਆਂਗ ਪਿੰਡ ਵਿੱਚ ਫਾਰਮ ਆਨ ਵ੍ਹੀਲਜ਼ ਪਹਿਲ

# ਸਵੈ- ਸਹਾਇਤਾ ਹੀ ਉੱਤਮ ਸਹਾਇਤਾ ਹੈ। ਸਵਦੇਸੀ ਕਿਸਾਨ ਮਜਬੂਤੀ ਨਾਲ ਆਰਥਿਕ ਮੰਦੀ ਖਿਲਾਫ ਖੜੇ ਹਨ।

*ਜਨਕਪ੍ਰੀਤ ਸਿੰਘ*

*'ਫਾਰਮ ਆਨ ਵਹੀ ਨਾਲ'* ਸਥਾਨਕ ਉਪਜ ਨੂੰ ਵੇਚਣ ਦੀ ਪਹਿਲ ਨੇ ਕਿਸਾਨ ਸਮੂਹਾਂ ਨੂੰ ਵਿਕੇਂਦ੍ਰੀਕ੍ਰਿਤ ਤਰੀਕੇ ਨਾਲ ਵਿਭਿੰਨ ਸਥਾਨਕ ਬਜ਼ਾਰਾਂ ਤਕ ਪਹੁੰਚ ਕਰਨ ਦੇ ਸਮਰੱਥ ਬਣਾਇਆ ਹੈ। ਇਸ ਤਰਾ ਦੀ ਪਹਿਲ ਨੇ ਬਾਕੀ ਕਿਸਾਨ ਸਮੂਹਾ ਅੱਗੋ ਮੇਘਾਲਿਆ ਵਿੱਚ NESFAS ਨਾਲ ਸਹਿਯੋਗ ਕਰਨ ਅਤੇ ਇਸ ਨੂੰ ਅਪਣਾਉਣ ਅਤੇ ਆਪਣੇ ਆਪਣੇ ਖ਼ੇਤਰਾ ਵਿੱਚ ਇਸਨੂੰ ਅੱਗੇ ਲੈ ਜਾਣ ਲਈ ਪ੍ਰੋਤਸਾਹਿਤ ਕੀਤਾ ਹੈ।

*ਸੰਸਾਰ ਇੱਕ ਗਲੋਬਲ ਮਹਾਂਮਾਰੀ* ਦੀ ਚਪੇਟ ਵਿੱਚ ਆ ਗਿਆ ਹੈ ਜਿਸ ਨੇ ਸਭ ਨੂੰ ਆਪਣੀ ਜ਼ਦ ਵਿੱਚ ਵਿੱਚ ਲੈ ਲਿਆ ਹੈ ਅਤੇ ਇਸਨੇ ਕਈ ਖੇਤਰਾਂ ਨੂੰ ਪ੍ਰਭਾਵਿਤ ਕੀਤਾਂ ਹੈ। ਕਰੋਨਾ ਨੇ ਦੁਨੀਆ ਭਰ ਦੀ ਅਰਥ ਵਿਵਸਥਾ ਨੂੰ ਵਿਗਾੜ ਦਿੱਤਾ ਹੈ ਅਤੇ ਇਸਦਾ ਸਭ ਤੋ ਮਾੜਾ ਅਸਰ ਛੋਟੇ ਕਿਸਾਨਾਂ ਉਪਰ ਪਿਆ ਹੈ ਕਿਉਕਿ ਉਹਨਾ ਕੋਲ ਇਸ ਮੰਦੀ ਨੂੰ ਦੂਰ ਕਰਨ ਲਈ ਪੂੰਜੀ ਦੀ ਘਾਟ ਹੈ ਰੋਜ਼ਾਨਾ ਬਜ਼ਾਰ ਦੇ ਬੰਦ ਹੋਣ ਜਾਂ ਕਈ ਵਾਰ ਅੱਧੇ ਦਿਨ ਲਈ ਖੁੱਲੇ ਬਜ਼ਾਰਾਂ ਨੇ ਕਈਆ ਸਾਹਮਣੇ ਆਰਥਿਕ ਸੰਕਟ ਖੜਾ ਕਰ ਦਿੱਤਾ ਹੈ। ਹਾਲਾਂਕਿ ਇਹ ਸਭ ਸਵਦੇਸ਼ੀ ਕਿਸਾਨਾਂ ਨੂੰ ਨਹੀ ਰੋਕ ਸਕਿਆ। ਉਹਨਾਂ ਨੇ ਇਸ ਔਖੇ ਸਮੇ ਦਾ ਸਾਹਮਣਾ ਕੀਤਾ ਅਤੇ NESFAS (ਉੱਤਰ-ਪੂਰਵੀ ਸਲੋ ਫੂਡ ਐਂਡ ਐਗ੍ਰੋਬਾਇਓ ਸੁਸਾਇਟੀ) ਜੋ ਕਿ ਇੱਕ ਗੈਰ-ਸਰਕਾਰੀ ਸੰਸਥਾ ਹੈ ਅਤੇ ਜਿਸਦਾ ਮੁੱਖ ਦਫ਼ਤਰ ਸ਼ਿਲਾਂਗ ਵਿਖੇ ਹੈ, ਦੀ ਮਦਦ ਨਾਲ ਇਸ ਸਮੱਸਿਆ ਦਾ ਹੱਲ ਕਰਨ ਲਈ ਨਵੇ ਸਮਾਧਾਨ ਲੱਭੇ। ਇਹ ਸੰਸਥਾ ਉੱਤਰ-ਪੂਰਵੀ ਭਾਰਤ ਵਿੱਚ ਸਵਦੇਸੀ ਭੋਜਨ ਵਿਵਸਥਾ ਨੂੰ ਬਚਾਉਣ ਲਈ ਕੰਮ ਕਰ ਰਹੀ ਹੈਂ।


*ਦਰਚਿਕਿਗਰੇ ਗਾਰੋ ਪਹਾੜੀਆਂ ਵਿੱਚ ਰਾਜੇਸ਼ ਬੀ ਮਰਕ ਦੀ ਘਰੇਲੂ ਬਗੀਚੀ*

***NESFAS(ਨੇਸਫਾਸ)*** ਮੇਘਾਲਿਆ ਦੀ ਰਾਜਧਾਨੀ ਸਿਲਾਂਗ ਵਿਖੇ ਸਥਿਤ ਹੈ। ਇਹ ਸੰਸਥਾ ਮੇਘਾਲਿਆ ਅਤੇ ਨਾਗਾਲੈਂਡ ਦੇ 130 ਪਿੰਡਾ ਵਿੱਚ ਕੰਮ ਕਰ ਰਹੀ ਹੈ। ਇਹ ਸੰਸਥਾ ਰੂਰਲ ਇਨੈਕਟ੍ਰੀਕਰਨ ਕਾਰਪੋਰੇਸ਼ਨ (ਆਰ ਈ ਸੀ) ਫਾਉਡੇਸ਼ਨ ਦੁਆਰਾ ਫੰਡਿਡ ਕੋਈ ਵੀ ਕੋਈ ਵੀ ਪਿੱਛੇ ਨਹੀ ਰਹਿਣਾ ਚਾਹੀਦਾ 3000 ਘਰਾਂ ਲਈ ਭੋਜਨ, ਪੋਸ਼ਣ ਅਤੇ ਊਰਜਾ ਸੁਰੱਖਿਆ ਦੀ ਜੈਵ-ਵਿਭਿੰਨਤਾ। ਵਰਤਮਾਨ ਵਿੱਚ ਨੇਸਫਾਸ 3249 ਕਿਸਾਨਾ ਨਾਲ ਵਿੱਭਿਨ ਗਤੀਵਿਧੀਆਂ ਵਿੱਚ ਸ਼ਾਮਲ ਹੈ। ਇਹ ਮੁੱਖ ਤੌਰ ਤੇ ਸੀਮਾਂਤ ਮਹਿਲਾ ਕਿਸਾਨਾਂ ਨਾਲ ਕੰਮ ਕਰ ਰਹੀ ਹੈ ਜੋ ਕਿ ਝੂਮ ਖੇਤੀ ਕਰ ਰਹੀਆ ਹਨ। ਕੁੱਝ ਇਹਨਾਂ ਵਿੱਚ ਸਥਾਈ ਖੇਤੀ ਕਰ ਜਿਵੇ ਝੋਨੇ ਦੀ ਖੇਤੀ ਜਾਂ ਛੱਤ ਉੱਪਰ ਖੇਤੀ। ਇਹ ਕਿਸਾਨ ਆਪਣੇ ਪੁਰਖਿਆ ਦੇ ਬੀਜਾਂ ਨੂੰ ਸੰਭਾਲ ਕੇ ਰੱਖੇ ਹੋਏ ਹਨ। ਹਾਲਾਕਿ ਇਹ ਦੇਸੀ ਬੀਜ ਹੌਲੀ-ਹੌਲੀ ਲੁਪਤ ਹੁੰਦੇ ਜਾ ਰਹੇ ਹਨ। ਪਰ ਇਹਨਾ ਨੂੰ ਮੁੜ-ਬਹਾਲ ਕਰਨ ਲਈ ਬੀਜ਼ਾਂ ਦਾ ਆਦਾਨ-ਪ੍ਰਦਾਨ ਅਤੇ ਸਮੁਦਾਇਕ ਬੀਜ਼ ਬੈਂਕ ਆਦਿ ਗਤੀਵਿਧੀਆਂ ਕੀਤੀਆ ਜਾ ਰਹੀਆ ਹਨ। ਇਹ ਕਿਸਾਨ ਆਮ ਤੌਰ ਤੇ ਆਪਣੀ ਫਸਲ ਹਫਤਾਵਾਰੀ ਮੰਡੀ ਵਿੱਚ ਵੇਚਦੇ ਹਨ। ਕੁੱਝ ਛੋਟੀ ਜਿਹੀ ਜਗਾ ਕਿਰਾਏ ਤੇ ਲੈਂਦੇ ਹਨ ਅਤੇ ਕੁੱਝ ਆਰਜੀ ਵਿਵਸਥਾ ਬਣਾ ਲੇਦੈ ਹਨ ਅਤੇ ਫੁੱਟਪਾਥ ਤੇ ਵੇਚਦੇ ਹਨ। ਇਹ ਵਪਾਰੀਆ ਨੂੰ ਵੀ ਆਪਣੀ ਫਸਲ ਵੇਚਦੇ ਹਨ ਜੋ ਇਸ ਮੰਡੀ ਵਿੱਚ ਆਉਦੇ ਹਨ ਅਤੇ ਉਤਪਾਦ ਖਰੀਦਦੇ ਹਨ ਹਾਲਾਂਕਿ ਕੋਰੋਨਾ ਕਰਕੇ ਵੇਚਣ ਦੇ ਇਸ ਤਰੀਕੇ ਉੱਪਰ ਬਹੁਤ ਅਸਰ ਪਿਆ ਹੈ।

ਨਿਯਮਿਤ ਮਾਰਕਿਟ ਵਿੱਚ ਆਈ ਅੜਚਨ ਨੂੰ ਹੱਲ ਕਰਨ ਲਈ ਅਤੇ ਰੋਜੀ ਰੋਟੀ ਕਮਾਉਣ ਦੀ ਚਣੌਤੀਆ ਨਾਲ ਨਜਿੱਠਣ ਲਈ 'ਫਾਰਮ ਔਨ ਵਹੀਲਜ' ਭਾਵ ਪਹੀਆ ਉਪਰ ਖੇਤ ਦਾ ਹੱਲ ਕੱਢਿਆ ਗਿਆ। ਇਸ ਪਹਿਲ ਵਿੱਚ ਕਿਸਾਨ ਗ੍ਰਾਹਕਾਂ ਨੂੰ

ਆਪਣਾ ਉਤਪਾਦ ਸਿੱਧੇ ਵੇਚਦੇ ਹਨ ਆਪਣੇ ਲਈ ਅਤੇ ਆਪਣੇ ਲਈ ਆਮਦਨੀ ਦੇ ਟਿਕਾਊ ਮੌਕੇ ਪੈਦਾ ਕਰਦੇ ਹਨ। ਅਸਲ ਵਿੱਚ ਇਹ ਸੱਚ ਵਿੱਚ ਹੀ ਇੱਕ ਵਹੀਕਲ ਹੈ ਜਿਸ ਨੂੰ ਕਿਸਾਨ ਆਪਣਾ ਉਤਪਾਦਨ ਵੇਚਣ ਲਈ ਹਫਤੇ ਵਿੱਚ ਇੱਕ ਦਿਨ ਕਿਰਾਏ ਉੱਪਰ ਲੇਦੈ ਹਨ ਜਾਂ ਫਿਰ ਜਦੋ ਵੀ ਉਹਨਾਂ ਦੀ ਫਸਲ ਤਿਆਰ ਹੁੰਦੀ ਹੈ। ਲਗਭਗ 200 ਕਿਸਾਨ/30 ਕਿਸਾਨ ਸਮੂਹ ਜੋ ਕਿ ਮੇਘਾਲਿਆ ਦੇ ਅਲੱਗ-ਅਲੱਗ ਜਿਲਿਆ ਵਿੱਚ ਫੈਲੇ ਹੋਏ ਹਨ, ਇਸ ਪਹਿਲ ਨਾਲ ਜੁੜੇ ਹੋਏ ਹਨ। ਇਹ ਕਿਸਾਨ ਇੱਕ ਵਹੀਕਲ ਕਿਰਾਏ ਉੱਪਰ ਲੈਂਦੇ ਹਨ। ਹਾਲੇ ਤੱਕ ਕਿਸੇ ਵੀ ਕਿਸਾਨ ਸਮੂਹ ਕੋਲ ਆਪਣਾ ਵਹੀਕਲ ਨਹੀ ਹੈ ਪਰ ਭਵਿੱਖ ਵਿੱਚ ਸਮੂਹ ਦੀ ਬੱਚਤ ਨਾਲ ਵਹੀਕਲ ਖਰੀਦਣ ਦੀ ਯੋਜਨਾ ਹੈ। ਆਮ ਤੌਰ ਤੇ 'ਫਾਰਮ ਔਨ ਵਹੀਕਲ' ਹਫਤੇ ਵਿੱਚ 2 ਵਾਰ ਹੁੰਦਾ ਹੈ। ਹਰ ਸਮੂਹ ਵਿੱਚੋ ਕੇਵਲ 1 ਜਾਂ 2 ਕਿਸਾਨ ਵਹੀਕਲ ਦੇ ਨਾਲ ਹੁੰਦੇ ਹਨ ਅਜਿਹਾ ਲਾਗਤ ਘੱਟ ਰੱਖਣ ਲਈ ਕੀਤਾ ਜਾਂਦਾ ਹੈ। ਨੇਸਫਾਸ ਨੇ ਇਹਨਾਂ ਕਿਸਾਨ ਸਮੂਹਾਂ ਦੀ ਪ੍ਰਚਾਰ ਸਮੱਗਰੀ ਕੁੱਝ ਸੁਰੂਆਤੀ ਨਿਵੇਸ਼ ਅਤੇ ਹਿਸਾਬ ਕਿਤਾਬ ਦੀ ਟ੍ਰੇਨਿੰਗ ਦੀ ਜਿੰਮੇਵਾਰੀ ਸੰਭਾਲੀ। ਇਹ ਛੋਟੇ ਕਿਸਾਨ ਬਹੁਤ ਤਰਾਂ ਦੀਆਂ ਫਸਲਾਂ ਦਾ ਉਤਪਾਦਨ ਕਰਦੇ ਹਨ। ਕੁੱਝ ਉਤਪਾਦ ਜੰਗਲ ਵਿੱਚੋ ਵੀ ਇਕੱਠਾ ਕੀਤਾ ਜਾਂਦਾ ਹੈ। ਜੋ ਉਤਪਾਦਨ ਵੇਚਿਆ ਜਾਂਦਾ ਹੈ ਉਸ ਵਿੱਚ ਕਈ ਤਰਾ ਦਾ ਜੰਗਲਾ ਤੋ ਇਕੱਠਾ ਕੀਤਾ ਉਤਪਾਦ, ਖੇਤ ਵਿੱਚ ਉਗਾਈਆਂ ਸਬਜੀਆਂ ਜਿਵੇ ਆਲੂ, ਗਾਜਰ, ਫਲੀਆਂ ਅਤੇ ਹੋਰ ਮੌਸਮੀ ਸਬਜੀਆਂ,ਫਲ, ਦਾਲਾਂ ਸਾਮਲ ਹਨ। ਨੇਸਫਾਸ ਨਾਲ ਜੁੜੇ ਕਿਸਾਨ ਸਮੂਹ 'ਫਾਰਮ ਆਨ ਵਹੀਕਲ' ਮੰਚ ਦਾ ਇਸਤੇਮਾਲ ਕਰ ਰਹੇ ਹਨ। ਜਿਵੇ-

ਜਿਵੇ ਕੋਰੋਨਾ ਦੇ ਨਿਯਮਾਂ ਵਿੱਚ ਢਿੱਲ ਹੋ ਰਹੀ ਹੈ ਉਸੇ ਤਰਾਂ ਉਹ ਸਥਾਨਕ ਮੰਡੀ ਵਿਚ ਵੀ ਵੇਚਣ ਲਈ ਜਾ ਰਹੇ ਹਨ। ਇਸ ਪਹਿਲ ਦਾ ਉਦੇਸ ਇਹੀ ਸੀ ਕਿ ਇੱਕ ਆਨਲਾਈਨ ਮੰਚ 'ਸ਼ਬਦ' (https://sylled.com/store) ਦੀ ਸ਼ੁਰੂਆਤ ਕੀਤੀ ਜਿੱਥੇ ਕਿਸਾਨ ਸਬਜੀਆਂ ਆਨਲਾਈਨ ਵੇਚ ਸਕਦੇ ਹਨ। ਇਸ ਪਹਿਲ ਵਿੱਚ ਨੇਸਫਾਸ ਵੀ ਭਾਗੀਦਾਰ ਹੈ ਅਤੇ ਇਹ ਕਿਸਾਨ ਸਮੂਹਾਂ ਅਤੇ 'ਸੰਵਾਦ' ਪਹਿਲ ਵਿਚਕਾਰ ਤਾਲਮੇਲ ਦਾ ਕੰਮ ਕਰ ਰਹੀ ਹੈ। ਸੋਸਾਇਟੀ ਫਾਰ ਰੂਰਲ ਡਿਵਲਪਮੈਨਟ ਸੁਸਾਇਟੀ ਨੂੰ ਉਤਪਾਦ ਦੇ ਉਪਲਬਧ ਹੋਣ ਬਾਰੇ ਜਾਣਕਾਰੀ ਮਹੱਈਆ ਕਰਵਾਉਦੀ ਹੈ ਅਤੇ ਕਿਸਾਨਾਂ ਤੋ ਉਤਪਾਦ ਖਰੀਦਣ ਵਿੱਚ ਮਦਦ ਕਰਦੀ ਹੈ। ਉਤਪਾਦ ਆਨਲਾਈਨ ਵੈਬਸਾਈਟ ਉਪਰ ਫਲ ਅਤੇ ਸਬਜੀਆਂ ਟੈਬ ਦੇ ਅਧੀਨ ਵੇਚਿਆ ਜਾਦਾਂ ਹੈ। ਹੋਰ ਜਾਣਕਾਰੀ ਲਈ ਕ੍ਰਿਪਾ ਕਰਕੇ ਵੈਬਸਾਈਟ ਜਰੂਰ ਦੇਖਣਾ। ਇਸ ਭਾਗੀਦਾਰੀ ਨੇ ਉਤਪਾਦਾਂ ਨੂੰ ਪੇਂਡੂ ਅਤੇ ਸਹਿਰੀ ਦੋਵੇ ਇਲਾਕਿਆਂ ਤੱਕ ਪਹੁੰਚਾਉਣ ਵਿੱਚ ਮਦਦ ਕੀਤੀ ਹੈ। ਕਿਸਾਨ ਵੀ ਆਪਣੇ ਖੇਤ ਬਗੀਚੀ ਵਿੱਚ ਹੋਰ ਸਿਹਤਮੰਦ ਅਤੇ ਤਾਜਾ ਭੋਜਨ ਉਗਾਉਣ ਲਈ ਜਿਆਦਾ ਮਿਹਨਤ ਕਰ ਰਹੇ ਹਨ ਅਤੇ ਸਮੂਹ ਦੇ ਹੋਰ ਮੈਂਬਰਾਂ ਲਈ ਬੀਜ ਵੀ ਉਪਲਬਧ ਕਰਵਾ ਰਹੇ ਹਨ ਜਿੰਨਾਂ ਨੂੰ ਇਸਦੀ ਜਰੂਰਤ ਹੈ।

ਗਾਰੋ ਪਹਾੜੀਆਂ ਦੇ ਕਿਸਾਨ ਸਮੂਹ ਆਪਣੇ ਸਮੁਦਾਇ ਦੇ ਮੈਂਬਰਾਂ ਵਿੱਚ ਜੈਵ-ਵਿਭਿੰਨਤਾ ਭਰਪੂਰ ਘਰੇਲੂ ਬਗੀਚੀਆਂ ਦੀ ਲੋੜ ਦਾ ਪ੍ਰਚਾਰ ਕਰ ਰਹੇ ਹਨ।

ਉਹ ਸਾਫ ਸਥਾਨਕ ਅਤੇ ਪੋਸ਼ਣ ਭਰਪੂਰ ਖਾਣੇ ਦੀ ਲੋੜ ਉੱਪਰ ਜ਼ੋਰ ਦੇ ਰਹੇ ਹਨ। ਤਾਂ ਕਿ ਕੋਰੋਨਾ ਦੇ ਵਾਇਰਸ ਖਿਲਾਫ ਲੜਾਈ ਲਈ ਸਰੀਰ ਦੀ ਪ੍ਰਤੀਰੋਧਕ ਸਮਰੱਥਾ ਵਧਾਈ ਜਾ ਸਕੇ ਅਤੇ ਇਸ ਦੇ ਨਾਲ ਹੀ ਭੋਜਨ ਦੀ ਘਰੇਲੂ ਜ਼ਰੂਰਤ ਅਤੇ ਆਮਦਨੀ ਦੀ ਵੀ ਸੁਰੱਖਿਆ ਹੋ ਸਕੇ। ਕੋਰੋਨਾ ਦੇ ਵਾਇਰਸ ਖਿਲਾਫ ਲੜਾਈ ਲਈ ਸਰੀਰ ਦੀ ਪ੍ਰਤੀਰੋਧਕ ਸਮਰੱਥਾ ਵਧਾਈ ਜਾ ਸਕੇ ਅਤੇ ਇਸ ਦੇ ਨਾਲ ਹੀ ਭੋਜਨ ਦੀ ਘਰੇਲੂ ਜ਼ਰੂਰਤ ਅਤੇ ਆਮਦਨੀ ਦੀ ਵੀ ਸੁਰੱਖਿਆ ਹੋ ਸਕੇ। ਕੋਰੋਨਾ ਦੇ ਭੋਜਨ ਅਤੇ ਰੋਜੀ ਰੋਟੀ ਲਈ ਸਥਾਨਕ ਜੈਵ ਵਿਭਿੰਨਤਾ ਦੇ ਮਹੱਤਵ ਨੂੰ ਉਜਾਗਰ ਕੀਤਾ ਹੈ। ਇਸ ਨੇ ਸਥਾਨਕ ਕਿਸਾਨਾਂ ਨੂੰ ਸਵੈ ਨਿਰਭਰਤਾ ਲਈ ਯਤਨ ਕਰਨ ਦੇ ਸਮਰੱਥ ਕੀਤਾ ਹੈ। ਕੁੱਝ ਅਜਿਹਾ ਜਿਸ ਲਈ ਇਹ ਕਿਸਾਨ ਹਮੇਸ਼ਾ ਵਕਾਲਤ ਕਰਦੇ ਰਹੇ ਹਨ ਪਰ ਜਿਸਨੂੰ ਇਹਨਾ ਨੂੰ ਵਰਤਮਾਨ ਵੱਧ ਤੋ ਵੱਧ ਉਤਪਾਦਨ ਕੇਂਦ੍ਰਿਤ ਉਦਯੋਗਿਕ ਖੇਤੀਬਾੜੀ ਸਿਸਟਮ ਦੇ ਵਿੱਚ ਗਵਾ ਚੁੱਕੇ ਸਨ।

●

*ਜਨਕਪ੍ਰੀਤ ਸਿੰਘ*
*ਸੀਨੀਅਰ ਮੁੱਖ ਸਹਾਇਕ*
*ਲਾਈਵਲੀਹੁੱਡਸ*
*ਨੇਸਫਾਸ, ਸਿਲਾਂਗ*
***ਈਮੇਲ*** - janak.nesfas@gmail.com

**Self help is the best help**
**LEISA INDIA, Dec 2020**

# ਕੁਟੰਬਾ ਕਾਈ ਥੋਟਾਂਜ

## ਪਰਿਵਾਰ ਦੀ ਘਰੇਲੂ ਬਗੀਚੀ

*ਗ੍ਰੀਨ ਫਾਊਂਡੇਸ਼ਨ*

'ਕੁਟੰਬਾ ਕਾਈ ਥੋਟਾਜ' ਜਾਂ ਪਰਿਵਾਰ ਦੀ ਘਰੇਲੂ ਬਗੀਚੀ ਨੂੰ ਪਰਿਵਾਰਾਂ ਦੇ ਪੋਸ਼ਟਿਕ ਆਹਾਰ ਦੀ ਪੂਰਤੀ ਅਤੇ ਵਾਧੂ ਆਮਦਨੀ ਦੇ ਸ੍ਰੋਤ ਵਜੋ ਕਰਨਾਟਕਾ ਵਿੱਚ ਸਫਲਤਾ ਪੂਰਵਕ ਪ੍ਰੋਤਸਾਹਿਤ ਕੀਤਾ ਜਾ ਰਿਹਾ ਹੈ। ਸਾਡੇ ਭੋਜਨ ਦੀ ਗੁਣਵੱਤਾ ਅਤੇ ਸੁਰੱਖਿਆ ਬਾਰੇ ਵਧਦੀ ਜਾਗਰੂਕਤਾ ਦੇ ਨਾਲ ਸਬਜੀਆਂ ਨੇ ਆਪਣੀ ਤਾਜਗੀ, ਸਫਾਈ ਅਤੇ ਪੋਸ਼ਣ ਕਰਕੇ ਗ੍ਰਾਹਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਪਿੰਡਾਂ ਦੇ ਛੋਟੇ ਕਿਸਾਨਾਂ ਦੇ ਨਾਲ-ਨਾਲ ਹੁਣ ਉੱਦਮੀ ਅਤੇ ਸੌਕੀਨ ਵੀ ਹੁਣ ਸਬਜੀਆਂ ਦੀ ਖੇਤੀ ਵੱਲ ਆ ਰਹੇ ਹਨ।

ਹੁਣ ਘਰ ਦੇ ਪਿਛਵਾੜੇ ਅਤੇ ਘਰ ਦੀਆਂ ਛੱਤਾਂ ਉੱਪਰ ਸਬਜੀਆਂ ਉਗਾਉਣ ਲੱਗ ਪਏ ਹਨ ਜੋ ਰਸਾਇਣਿਕ ਜਹਿਰਾਂ ਤੋ ਮੁਕਤ ਸਬਜੀਆਂ ਚਾਹੁੰਦੇ ਹਨ ਅਤੇ ਸੁੱਧ ਖਾਣਾ ਚਾਹੁੰਦੇ ਹਨ।

ਗੈਰ ਸਰਕਾਰੀ ਸੰਸਥਾ ਗ੍ਰੀਨ ਫਾਊਂਡੇਸ਼ਨ ਕਰਨਾਟਕ ਸੂਬੇ ਦੇ ਕਨਕਪੁਰ ਤਾਲੁੱਕ ਦੇ ਕਿਸਾਨਾਂ ਨਾਲ ਕੰਮ ਕਰਦੀ ਹੈ। ਇੱਥੋ ਦੇ ਜਿਆਦਾਤਰ ਕਿਸਾਨਾਂ ਕੋਲ ਇੱਕ ਤੋਂ ਦੋ ਹੈਕਟੇਅਰ ਜਮੀਨ ਹੈ ਅਤੇ ਏਕੜ ਫਸਲ ਪ੍ਰਣਾਲੀ ਅਪਣਾਉਦੇ ਹਨ। ਇਹਨ੍ਹਾ ਦੀ ਖੇਤੀ ਵਰਖਾ ਤੇ ਨਿਰਭਰ ਕਰਦੀ ਹੈ ਅਤੇ ਇਹ ਸਲਾਨਾ30000 ਤੱਕ ਹੀ ਕਮਾ ਪਾਉਦੇ ਹਨ। ਆਫ ਸੀਜ਼ਨ ਵਿੱਚ ਉਹ ਨੇੜੇ ਦੇ ਪਿੰਡਾ ਜਾਂ ਹੋਰ ਸੂਬਿਆਂ ਵਿੱਚ ਮਜ਼ਦੂਰੀ ਕਰਨ ਚਲੇ ਜਾਂਦੇ ਹਨ। ਗ੍ਰੀਨ ਫਾਊਂਡੇਸ਼ਨ ਇਹਨਾਂ ਪਿੰਡਾ ਵਿੱਚ ਸਥਾਨਕ ਪ੍ਰਾਇਮਰੀ ਹੈਲਪ ਸੈਂਟਰ ਦੇ ਸਹਿਯੋਗ ਨਾਲ ਕਲੀਨੀਕਲ ਕੈਂਪ ਅਤੇ ਸਿਹਤ ਚੈਕਅਪ ਕੈਂਪ ਆਯੋਜਿਤ ਕਰਦੀ ਰਹਿੰਦੀ ਹੈ ਅਤੇ ਇਸ ਤਰ੍ਹਾ ਇਹ ਲੋਕਾਂ ਦੀ ਕਿਰਤ ਦੀ ਨਿਗਰਾਨੀ ਰੱਖਦੇ ਹਨ। ਇਹਨ੍ਹਾ ਕੈਂਪਾਂ ਦੌਰਾਨ ਪੋਸ਼ਣ ਦੀ ਕਮੀ ਨਾਲ ਸੰਬੰਧਿਤ ਕਈ ਬਿਮਾਰੀਆਂ ਸਾਹਮਣੇ ਆਈਆ। ਇਹ ਪਰਿਵਾਰ ਔਸਤ 400 ਰੁਪਏ ਪ੍ਰਤੀ ਮਹੀਨਾ ਸਬਜੀਆਂ ਖਰੀਦਣ ਉਪਰ ਖਰਚ ਕਰਦੇ ਹਨ। ਖੇਤੀ ਦੀ ਅਨਿਸ਼ਚਤਤਾ ਅਤੇ ਘੱਟ ਆਮਦਨੀ ਤੇ ਧਿਆਨ ਵਿੱਚ ਰੱਖਦੇ ਹੋਏ ਇਹਨਾ ਲਈ ਹੋਰ ਸਬਜੀਆਂ ਖਰੀਦ ਕੇ ਖਾਣਾ ਮੁਸਕਿਲ ਹੈ, ਇਹਨਾਂ ਦੀ ਪੋਸਣ ਸੁਰੱਖਿਆਂ ਪ੍ਰਭਾਵਿਤ ਹੁੰਦੀ ਹੈ। ਸਥਿਤੀ ਤੇ ਧਿਆਨ ਵਿੱਚ ਰੱਖਦਿਆਂ ਗ੍ਰੀਨ ਫਾਊਂਡੇਸ਼ਨ ਨੇ ਇਹਨਾਂ ਕਿਸਾਨ ਪਰਿਵਾਰਾਂ ਨੂੰ ਆਪਣੇ ਘਰਾਂ ਦੇ ਪਿਛਵਾੜੇ ਵਿੱਚ ਸਬਜੀਆਂ ਉਗਾਉਣ ਲਈ ਪ੍ਰੋਤਸਾਹਿਤ ਕੀਤਾ ਜਿਸ ਨਾਲ ਘਰ ਦੀਆਂ ਪੋਸਣ ਦੀਆਂ ਜਰੂਰਤਾਂ ਪੂਰੀਆਂ ਹੋ ਸਕਣ ਅਤੇ ਵਾਧੂ ਆਮਦਨੀ ਦਾ ਸ੍ਰੋਤ ਵੀ ਬਣ ਸਕੇ।

### ਸਮੱਰਥਾ ਨਿਰਮਾਣ

ਸੰਸਥਾ ਦੇ ਸਟਾਫ ਨੇ ਉਹਨ੍ਹਾਂ ਪਰਿਵਾਰਾਂ ਨੂੰ ਪ੍ਰੇਰਤ ਕੀਤਾ ਜਿੰਨਾ ਕੋਲ ਘਰ ਵਿੱਚ ਕੁੱਝ ਖਾਲੀ ਥਾਂ ਸੀ ਅਤੇ ਉਹਨਾਂ ਪਰਿਵਾਰਾਂ ਦੀਆਂ ਮਹਿਲਾਵਾਂ ਨੂੰ ਸਬਜੀਆਂ ਉਗਾਉਣ ਲਈ ਤਿਆਰ ਕੀਤਾ ਅਤੇ ਉਹਨਾਂ ਨੂੰ ਸਮਝਾਇਆਂ ਕਿ ਕਿਸ ਤਰ੍ਹਾਂ ਉਹ ਆਪਣੇ ਘਰ ਦੀ ਸਬਜੀ ਦੀ ਜਰੂਰਤ ਪੂਰੀ ਕਰਨ ਦੇ ਨਾਲ-ਨਾਲ ਕੁਝ ਪੈਸੇ ਵੀ ਕਮਾਂ ਸਕਦੀਆਂ ਹਨ। ਮਹਿਲਾਵਾਂ ਹਮੇਸ਼ਾਂ ਸਬਜੀਆਂ ਉਗਾਉਣ ਅਤੇ ਇਹ ਬੀਜ ਬਚਾਉਣ ਵਿੱਚ ਅੱਗੇ ਰਹੀਆਂ ਹਨ। ਮਹਿਲਾਵਾਂ ਨੂੰ ਸਬਜੀਆਂ ਨੂੰ ਜੈਵਿਕ ਤਰੀਕੇ ਨਾਲ ਉਗਾਉਣ ਦੀ ਟ੍ਰੇਨਿੰਗ ਦਿੱਤੀ ਗਈ। ਦੇਸੀ ਬੀਜਾਂ ਨੂੰ ਪ੍ਰੋਤਸਾਹਿਤ ਕੀਤਾ ਗਿਆ ਅਤੇ ਕਿਸਾਨਾਂ ਨੂੰ ਇਹਨਾਂ ਦੇ ਮਹੱਤਵ ਬਾਰੇ ਸਮਝਾਇਆ ਗਿਆ ਕਿ ਕਿਸ ਤਰ੍ਹਾ ਇਹ ਬੀਜ ਰੋਗ ਅਤੇ ਕੀਟ ਪ੍ਰਤੀਰੋਧਕ ਸਮਰੱਥਾ ਰੱਖਦੇ ਹਨ।

ਸਟਾਫ ਨੇ ਜਗ੍ਹਾ ਦਾ ਨਿਰੀਖਣ ਕੀਤਾ ਅਤੇ ਉਸੇ ਆਧਾਰ 'ਤੇ ਬੈੱਡ ਵਿਧੀ ਪਰਮਾਕਲਚਰ ਅਤੇ ਬੇਸਿਨ ਵਿਧੀ ਦੀ ਸਿਫਾਰਿਸ਼ ਕੀਤੀ। ਕਿਸਾਨਾਂ ਨੂੰ 22 ਬੀਜਾਂ ਵਿੱਚੋ ਚੁਣਨ ਦਾ ਮੌਕਾ ਦਿੱਤਾ ਅਤੇ ਸਟਾਫ ਨੇ ਉਨ੍ਹਾਂ ਦੀ ਜਰੂਰਤ, ਮਿੱਟੀ, ਕੀਟਾਂ ਦੇ ਹਮਲੇ ਦੀ ਸੰਭਾਵਨਾਂ ਅਤੇ ਉਹਨਾਂ ਦੀ ਦਿਲਚਸਪੀ ਅਨੁਸਾਰ ਬੀਜ ਚੁਣਨ ਵਿੱਚ ਮੱਦਦ ਕੀਤੀ। ਕੁੱਝ ਕਿਸਾਨਾਂ ਨੇ 10 ਤਰ੍ਹਾ ਦੀਆਂ ਸਬਜੀਆਂ ਆਪਣੀ ਬਗੀਚੀ ਵਿੱਚ ਉਗਾਈਆਂ। ਪਿਛਲੇ ਕੁੱਝ ਸਾਲਾਂ ਤੋ ਮਹਿਲਾਵਾਂ ਇਸ ਕੰਮ ਵਿੱਚ ਅੱਗੇ ਰਹੀਆਂ ਹਨ ਅਤੇ ਮਿਰਚਾਂ, ਧਨੀਆਂ, ਪਾਲਕ, ਗਾਜਰ, ਫਲੀਆਂ, ਮੂਲੀਆਂ, ਟਮਾਟਰ, ਖੀਰਾ, ਲੌਕੀ, ਤੋਰੀ ਅਤੇ ਕਰੇਲਾ ਆਪਣੀ ਬਗੀਚੀ ਵਿੱਚ ਉਗਾ ਰਹੀਆਂ ਹਨ। ਹਾਲਾਂਕਿ ਉਹਨਾਂ ਦੀ ਸਿਹਤ ਪ੍ਰੋਫਾਇਲ ਨੂੰ ਧਿਆਨ ਵਿੱਚ ਰੱਖਦਿਆਂ ਉਹਨਾਂ ਨੂੰ ਸੁਹਾਜਨਾ ਅਤੇ ਕੜੀ ਪੱਤਾ ਵੀ ਉਗਾਉਣ ਉਪਰ ਜੋਰ ਦਿੱਤਾ ਜਾ ਰਿਹਾ ਹੈ ਕਿਉਕਿ ਇਹਨਾਂ ਦੇ ਖਾਸ ਵਿਸ਼ੇਸਤਾਵਾਂ ਕਰਕੇ ਇਹ ਖੂਨ ਦੀ ਕਮੀ, ਸੂਗਰ, ਬਲੱਡ ਪ੍ਰੈਸ਼ਰ ਠੀਕ ਰੱਖਦੀਆਂ ਹਨ।

ਕਿਸਾਨਾਂ ਨੂੰ ਘਰ ਵਿੱਚ ਹੀ ਜੈਵਿਕ ਖਾਦਾਂ ਅਤੇ ਕੀਟਨਾਸ਼ਕ ਤਿਆਰ ਕਰਨ ਦੀ ਟ੍ਰੇਨਿੰਗ ਦਿੱਤੀ ਗਈ ਤਾਂ ਕਿ ਬਾਹਰੋ ਲਿਆਂਦੇ ਜਾਣ ਵਾਲੇ ਕੀਟਨਾਸ਼ਕਾਂ ਅਤੇ ਖਾਦਾਂ ਉਪਰ ਨਿਰਭਰਤਾ ਅਤੇ ਉਸ ਉਪਰ ਹੋਣ ਵਾਲੇ ਖਰਚ ਨੂੰ ਘਟਾਇਆ ਜਾ ਸਕੇ। ਜੈਵਿਕ



*ਘਰੇਲੂ ਬਗੀਚੀ ਕਰਕੇ ਕਈ ਕਿਸਮਾਂ ਦੀਆਂ ਸਬਜ਼ੀਆਂ ਪ੍ਰਾਪਤ ਹੋ ਜਾਂਦੀਆਂ ਹਨ*

ਖਾਦਾਂ ਕੀਟਨਾਸ਼ਕ ਕਿਸਾਨਾਂ ਦੀ ਜਨਧਾਨਿਆਂ ਫਾਰਮਰ ਪ੍ਰੋਡਿਊਸਰ ਕੰਪਨੀ ਲਿਮਿਟਡ ਤੋ ਵੀ ਖਰੀਦਦੇ ਹਨ। ਜੋ ਕਿ ਖੇਤੀ ਨੂੰ ਪ੍ਰੋਤਸਾਹਿਤ ਕਰਨ ਅਤੇ ਕਿਸਾਨਾਂ ਦੀ ਉਤਪਾਦਾਂ ਨੂੰ ਬਾਜਾਰ ਤੱਕ ਲੈ ਜਾਣ ਦਾ ਕੰਮ ਵੀ ਕਰਦੀ ਹੈ।

ਬੀਜਾਂ ਵਿੱਚ ਦਿਲਚਸਪੀ ਰੱਖਣ ਵਾਲੇ ਕਿਸਾਨਾਂ ਨੂੰ ਬੀਜ ਬਚਾਉਣ ਅਤੇ ਵਧਾਉਣ ਦੀ ਦੀ ਟ੍ਰੇਨਿੰਗ ਦਿੱਤੀ ਗਈ। ਇਹ ਬੀਜ ਇਹ ਨਿਸਚਿਤ ਕਰਨ ਤੋ ਬਾਅਦ ਕਿ ਅਗਲੀ ਬਿਜਾਈ ਲਈ ਕਿਸਾਨ ਕੋਲ ਕਾਫੀ ਮਾਤਰਾ ਵਿੱਚ ਹਨ। ਕਿਸਾਨ ਪ੍ਰੋਡਿਊਸਰ ਕੰਪਨੀ ਨੂੰ ਵੇਚ ਦਿੱਤੇ ਜਾਂਦੇ ਹਨ। ਇਸ ਨਾਲ ਕਿਸਾਨਾਂ ਨੂੰ ਵਾਧੂ ਆਮਦਨੀ ਹੋ ਜਾਂਦੀ ਹੈ।

ਗ੍ਰੀਨ ਫਾਉਡੇਸ਼ਨ ਰਾਮਨਗਰ ਜਿਲ੍ਹੇ ਦੇ ਕਨਕਪੁਰਾ ਤਾਲੁਕ ਦੇ ਵਿਭਿੰਨ ਪਿੰਡਾਂ ਦੇ 160 ਕਿਸਾਨ ਪਰਿਵਾਰਾਂ ਨੂੰ ਆਪਣੀ ਬਗੀਚੀ ਉਗਾਉਣ ਲਈ ਸਹਿਯੋਗ ਦੇ ਰਹੀ ਹੈ।

**ਫਾਇਦੇ :-**

ਆਪਣੇ ਘਰ ਦੇ ਪਿਛਵਾੜੇ ਵਿੱਚ ਕੁਦਰਤੀ ਤਰੀਕੇ ਨਾਲ ਜਹਿਰਾਂ ਤੋ ਮੁਕਤ ਸਬਜ਼ੀ ਨੇ ਨਾ ਸਿਰਫ ਇਹਨ੍ਹਾਂ ਪਰਿਵਾਰਾਂ ਦੀਆਂ ਪੌਸਟਿਕ ਜਰੂਰਤਾ ਨੂੰ ਪੂਰਾ ਕੀਤਾ ਸਗੋ ਉਹਨ੍ਹਾਂ ਦਾ ਖਰਚ ਵੀ ਘਟਿਆ। ਇਹ ਪਰਿਵਾਰ ਆਪਣੀਆਂ ਬਗੀਚੀਆਂ ਵਿੱਚ ਮਿਰਚ, ਧਨੀਆਂ, ਪਾਲਕ, ਗਾਜਰ, ਫਲੀਆਂ, ਮੂਲੀ, ਟਮਾਟਰ, ਚੌਲਾਈ, ਭਿੰਡੀ, ਖੀਰਾ, ਲੌਕੀ, ਤੋਰੀ, ਕਰੇਲਾ ਆਦਿ ਸਬਜੀਆਂ ਉਗਾਉਦੇ ਹਨ।

ਸਬਜੀਆਂ ਦਾ ਉਤਪਾਦਨ ਬਗੀਚੀ ਲਈ ਉਪਲੱਬਧ ਜਗ੍ਹਾ ਦੇ ਆਧਾਰ ਤੇ ਹਰ ਘਰ ਲਈ ਅਲੱਗ-ਅਲੱਗ ਹੈ। ਔਸਤਨ ਇੱਕ ਪਰਿਵਾਰ 100 ਤੋ 200 ਕਿਲੋ ਪ੍ਰਤੀ ਸਾਲ ਸਬਜ਼ੀ ਉਗਾਉਂਦਾ ਹੈ। ਸਭ ਤੋ ਪਹਿਲਾਂ ਉਤਪਾਦਨ ਘਰ ਵਿੱਚ ਵਰਤਿਆਂ ਜਾਦਾ ਹੈ। ਫਿਰ ਬਾਕੀ ਨੂੰ ਆਪਣੇ ਗਵਾਂਢੀਆਂ ਅਤੇ ਰਿਸਤੇਦਾਰਾਂ ਵਿੱਚ ਵੰਡਣ ਤੋ ਬਾਅਦ ਬਾਕੀ ਬਚੇ ਨੂੰ ਕਿਸਾਨ ਪ੍ਰੋਡਿਊਸਰ ਕੰਪਨੀ ਰਾਹੀ ਜਾਂ ਸਥਾਨਕ ਬਾਜ਼ਾਰ ਵਿੱਚ ਵੇਚ ਦਿੱਤਾ ਜਾਦਾਂ ਹੈ। ਇਹ ਬਗੀਚੀਆਂ ਨਾ ਸਿਰਫ ਪੋਸ਼ਣ ਜਰੂਰਤਾਂ ਪੂਰੀਆਂ ਕਰਨ ਬਲਕਿ ਆਮਦਨੀ ਦਾ ਸ੍ਰੋਤ ਵੀ ਹਨ। ਇਸਦੇ ਨਾਲ ਹੀ ਜੋ ਉਹ 100 ਰੁਪਏ ਮਹੀਨਾ ਸਬਜੀਆਂ ਖਰੀਦਣ ਉੱਪਰ ਖਰਚਦੇ ਹਨ, ਉਸ ਦੀ ਵੀ ਬਚਤ ਹੋਈ। ਪੋਸ਼ਣ ਦੇ ਨਾਲ-ਨਾਲ ਸਬਜੀਆਂ ਗਰੀਬ ਕਿਸਾਨ ਪਰਿਵਾਰਾਂ ਨੂੰ ਰੋਜ਼ਾਨਾ ਦੀ ਆਮਦਨ ਉਪਲੱਬਧ ਕਰਵਾਉਣ ਦਾ ਸਾਧਨ ਹਨ। ਸਬਜੀਆਂ ਫਲਾਂ ਅਤੇ ਅਨਾਜ਼ ਦੀ ਤਰ੍ਹਾ ਲੰਬੇ ਸਮੇ ਦੀਆਂ ਫਸਲਾਂ ਨਹੀ ਹਨ ਅਤੇ ਘੱਟ ਖਾਦਾਂ ਕੀਟਨਾਸ਼ਕਾਂ ਦੀ ਲੋੜ ਪੈਂਦੀ ਹੈ। ਇਸ ਲਈ ਕਿਸਾਨਾਂ ਨੂੰ ਘੱਟ ਇਨਪੁੱਟ ਵਾਲੀ ਟਿਕਾਊ ਖੇਤੀ ਲਈ ਕਿਸਾਨਾਂ ਨੂੰ ਤਿਆਰ ਕੀਤਾ ਗਿਆ। ਕਿਸਾਨ ਜੈਵਿਕ ਖਾਦਾਂ ਅਤੇ ਕੀਟਨਾਸ਼ਕ ਇਸਤੇਮਾਲ ਕਰਦੇ ਹਨ ਜੋ ਕਿ ਰਸਾਇਣਿਕ ਖਾਦਾਂ ਅਤੇ ਕੀਟਨਾਸ਼ਕਾਂ ਨਾਲੋਂ ਸਸਤੇ ਹਨ। ਅਜਿਹੇ ਉਤਪਾਦਾਂ ਦੀ ਤਿਆਰੀ ਅਤੇ ਵਰਤੋ ਸਮੇਂ ਉਹਨਾਂ ਦਾ ਦੇਸੀ ਗਿਆਨ ਕੰਮ ਆਉਦਾ ਹੈ।

ਹੁਣ ਹੋਰ ਲੋਕ ਵੀ ਆਪਣੀ ਖਾਲੀ ਜਗ੍ਹਾ ਵਿੱਚ ਸਬਜੀ ਉਗਾਉਣ ਅਤੇ ਆਪਣੇ ਪਰਿਵਾਰ ਦੀਆਂ ਪੋਸ਼ਣ ਲੋਕਾਂ ਪੂਰੀਆਂ ਕਰਨ ਲਈ ਸਬਜੀਆਂ ਲਗਾ ਰਹੇ ਹਨ। ਲਗਭਗ 300 ਕਿਸਾਨਾਂ ਨੇ ਆਪਣੀਆਂ ਗ੍ਰਾਮ ਪੰਚਾਇਤਾ ਕੋਲ ਰਾਜ ਸਰਕਾਰ ਦੀ ਬਗੀਚੀ ਨੂੰ ਪ੍ਰੋਤਸਾਹਿਤ ਕਰਨ ਵਾਲੀ ਸਕੀਮ ਦਾ ਫਾਇਦਾ ਲੈਣ ਲਈ ਅਪਲਾਈ ਕੀਤਾ ਹੈ ਜਿਸ ਵਿੱਚ 2750 ਰੁਪਏ ਦਾ ਪੈਕੇਜ ਮਿਲਦਾ ਹੈ। ਇਸ ਵਿੱਚ ਬੀਜ ਵੀ ਸ਼ਾਮਿਲ ਹਨ। ●

***ਗ੍ਰੀਨ ਫਾਉਡੇਸ਼ਨ***
#25, ਏ.ਸੀ.ਈ.ਐੱਸ. ਲੈਆਉਟ,
1 ਮੇਨ ਰੋਡ, ਅਸ਼ਵਥ ਨਗਰ
ਆਰ.ਐੱਮ.ਵੀ. ਦੂਜੀ ਸਟੇਜ਼,
ਬੰਗਲੋਰ - 560094
E-mail: contact@greenfoundation.in

**Kutumba Kai Thottas**
**LEISA INDIA, Sept 2020**



*ਨਵੀਨ ਕੁਮਾਰ ਜਿਸਨੇ 'ਨਾਪਾਂਤਾ' ਐਪ ਬਣਾਈ*

# ਐਪ ਜਿਸਨੇ ਕਿਸਾਨਾਂ ਦੀ ਵਧ ਝਾੜ ਲੈਣ ਵਿੱਚ ਮਦਦ ਕੀਤੀ

ਨਾਪਾਂਤਾ 'ਖੇਤੀ ਫਸ਼ਲ ਪ੍ਰਬੰਧਨ' ਨਾਮ ਦੀ ਮੋਬਾਇਲ ਐਪਲੀਕੇਸ਼ਨ ਹੈ ਜਿਸਨੂੰ ਮੁਫਤ ਵਿੱਚ ਡਾਊਨਲੋਡ ਕੀਤਾ ਜਾ ਸਕਦਾ ਹੈ। ਇਹ ਐਂਡਰਾਇਡ ਉਪਰ ਉਪਲੱਬਧ ਹੈ। ਅਤੇ ਆਂਧਰਾ ਪ੍ਰਦੇਸ਼ ਅਤੇ ਤੇਲੰਗਾਨਾਂ ਦੇ 1,17,000 ਕਿਸਾਨ ਇਸਨੂੰ ਇਸਤੇਮਾਲ ਕਰ ਰਹੇ ਹਨ। ਦਸੰਬਰ 2016 ਵਿੱਚ ਹੈਦਰਾਬਾਦ ਦੇ ਨਵੀਨ ਕੁਮਾਰ ਨੇ ਆਪਣੇ ਗ੍ਰਹਿ ਨਗਰ ਹਨਮਕੰਡਾ ਤੋ ਵਾਰੰਗਲ ਵਿੱਚ ਪੈਂਦਾ ਹੈ,ਜਾਣ ਦਾ ਫੈਸਲਾ ਕੀਤਾ। 'ਅਪਨਾਲੋਨ ਬਾਜ਼ਾਰ' ਦੇ ਸੰਸਥਾਪਕ ਇਸ ਨੌਜਵਾਨ ਨੂੰ ਸਾਇਦ ਇਹ ਅੰਦਾਜਾ ਤੱਕ ਨਹੀ ਸੀ ਕਿ ਇਹ ਯਾਤਰਾ ਉਸਦੀ ਜਿੰਦਗੀ ਬਦਲ ਦੇਵੇਗੀ।(ਲੋਨ ਉਪਲੱਬਧ ਕਰਵਾਉਣ ਵਾਲਾ ਆਨਲਾਈਨ ਮੰਚ)

ਉਹ ਯਾਦ ਕਰਦਿਆ ਦੱਸਦੇ ਹਨ, ਘਟਨਾ ਮੇਰੇ ਦਿਮਾਗ ਵਿੱਚ ਅੱਜ ਵੀ ਉਸੇ ਤਰ੍ਹਾ ਯਾਦ ਹੈ। ਇੱਕ ਕਿਸਾਨ ਦੀ ਮੌਤ ਹੋ ਗਈ ਸੀ। ਉਸਨੇ ਇੱਕ ਬੀਜ ਵਿਕ੍ਰੇਤਾ ਦੁਆਰਾ ਧੋਖਾ ਦਿੱਤੇ ਜਾਣ ਤੋ ਬਾਅਦ ਕੀਟਨਾਸ਼ਕ ਜਹਿਰ ਪੀ ਕੇ ਆਤਮਹੱਤਿਆ ਕੀਤੀ ਸੀ। ਬੀਜ ਵਿਕ੍ਰੇਤਾ ਨੇ ਸਿਰਫ 300 ਰੁਪਏ ਦੇ ਲਾਭ ਉਸਨੂੰ ਮਿਲਾਵਟ ਵਾਲਾ ਨਰਮੇ ਦਾ ਬੀਜ ਵੇਚਿਆ ਸੀ। ਅਤੇ ਜਦੋ ਫਸਲ ਪੂਰੀ ਖਿੜਨ ਤੇ ਆਈ ਤਾ ਇਸਨੂੰ ਕੋਈ ਝਾੜ ਨਹੀ ਆਇਆ। ਘਾਟੇ ਨੂੰ ਪੂਰਾ ਕਰਨ ਜਾਂ ਫਸਲ ਦੀ ਲਾਗਤ ਨੂੰ ਚੁਕਾ ਸਕਣ ਲਈ ਕੋਈ ਰਾਹ ਨਾ ਮਿਲਦਾ ਦੇਖ ਕਿਸਾਨ ਨੇ ਆਪਣੇ ਆਪ ਨੂੰ ਖਤਮ ਕਰਨ ਦਾ ਵੱਡਾ ਕਦਮ ਚੁੱਕਿਆ।

ਨਵੀਨ ਕਈ ਰਾਤਾਂ ਤੱਕ ਸੌ ਨਾ ਸਕਿਆ। ਇਸ ਤਰ੍ਹਾ ਉਸਨੇ ਪਿੰਡਾ ਦੇ ਕਿਸਾਨਾਂ, ਖੇਤੀਬਾੜੀ ਅਫਸਰਾਂ, ਵਿਗਿਆਨਕਾਂ, ਮਾਹਿਰਾਂ ਨਾਲ ਮਿਲ ਕੇ ਕਾਫੀ ਗਹਿਰਾਈ ਨਾਲ ਰਿਸਰਚ ਕੀਤੀ ਅਤੇ ਕਈ ਹੈਰਾਨ ਕਰਨ ਵਾਲੇ ਤੱਥ ਸਾਹਮਣੇ ਲਿਆਂਦੇ।

ਬਾਕਸ ਅਸੀ ਜਦੋ ਇਹ ਐਪ ਵਿਕਸਿਤ ਕੀਤੀ ਤਾਂ ਇਸਦੇ ਪ੍ਰਚਾਰ-ਪ੍ਰਸਾਰ ਉਪਰ ਇੱਕ ਪੈਸਾ ਵੀ ਖਰਚ ਨਹੀ ਕੀਤਾ। ਸਾਡੇ ਲਈ ਇਹ ਬਹੁਤ ਹੀ ਹੈਰਾਨ ਕਰ ਦੇਣ ਵਾਲਾ ਅਨੁਭਵ ਸੀ ਕਿ ਤਿੰਨ ਮਹੀਨਿਆਂ ਅੰਦਰ 50,000 ਤੋਂ ਵੱਧ ਕਿਸਾਨਾਂ ਨੇ ਇਸਨੂੰ ਡਾਊਨਲੋਡ ਕੀਤਾ। ਜਿਆਦਾਤਰ ਕਿਸਾਨਾਂ ਨੇ ਆਪਣੇ ਹੋਰਾਂ ਸਾਥੀਆਂ ਨਾਲ ਇਸ ਬਾਰੇ ਗੱਲ ਕੀਤੀ ਅਤੇ 'ਸ਼ੇਅਰ ਇਟ' ਐਪ ਰਾਹੀ ਦੂਜਿਆਂ ਨਾਲ ਸਾਝਾਂ ਕੀਤਾ। ਉਦੋ ਤੋ ਹੁਣ ਤੱਕ ਸਿੱਖਣ ਨਾਲ ਭਰਭੂਰ ਰਿਹਾ ਹੈ। ਅੱਜ ਮੈ ਮਾਣ ਨਾਲ ਕਹਿ ਸਕਦਾ ਹਾਂ ਕਿ ਨਾਪਾਂਤਾ ਛੋਟੇ ਅਤੇ ਮੱਧਵਰਗੀ ਕਿਸਾਨਾਂ ਲਈ ਇੱਕ ਖੇਤੀ ਇਸ ਕੋਸ ਵਾਂਗ ਹੈ ਜਦੋ ਉਹ ਇੱਕ ਵਾਰ ਕਿਸੇ ਕਿਸਮ ਦੀ ਜਾਣਕਾਰੀ ਲਈ ਇਹ ਐਪ ਇਸਤੇਮਾਲ ਕਰਦੇ ਹਨ ਤਾਂ ਫਿਰ ਉਹਨ੍ਹਾਂ ਨੂੰ ਹੋਰ ਕਿਤੇ ਵੀ ਜਾਣ ਦੀ ਲੋੜ ਨਹੀ ।

ਨਵੀਨ ਨੇ ਮਹਿਸੂਸ ਕੀਤਾ ਕਿ ਵੱਡੇ ਅਤੇ ਪੜੇ ਲਿਖੇ ਕਿਸਾਨਾਂ ਲਈ ਸਰਕਾਰੀ ਪੋਰਟਲ ਅਤੇ ਖੇਤੀਬਾੜੀ ਵਿਭਾਗਾਂ ਦੀਆਂ ਵੈਬਸਾਈਟ ਉੱਪਰ ਉੱਤਮ ਖੇਤੀ ਤਕਨੀਕਾਂ ਦੀ ਜਾਣਕਾਰੀ ਦਾ ਲਾਭ ਉਠਾਉਣ ਆਸਾਨ ਹੈ। ਪਰ ਮੱਧਵਰਤੀ ਕਿਸਾਨ ਆਪਣੇ ਸਮੇਂ ਦਾ 20-30% ਵਿਭਿੰਨ ਸ੍ਰੋਤਾਂ ਤੋ ਜਾਣਕਾਰੀ ਇਕੱਠੀ ਕਰਨ ਵਿੱਚ ਹੀ ਖਰਚ ਕਰ ਦਿੰਦੇ ਹਨ। ਅਤੇ ਅਜਿਹਾ ਕਰਦਿਆ ਕਈ ਵਾਰ ਉਹਨ੍ਹਾ ਨੂੰ ਧੋਖੇ ਦਾ ਸ਼ਿਕਾਰ ਵੀ ਹੋਣਾ ਪੈਂਦਾ ਹੈ। ਜਾਣਕਾਰੀ ਦੀ ਘਾਟ ਕਾਰਨ ਹੀ ਇਹ ਕਿਸਾਨ ਨਕਲੀ ਬੀਜ਼ਾਂ, ਨਕਲੀ ਖਾਦਾਂ, ਉਤਪਾਦਨ ਦੀ ਘੱਟ ਕੀਮਤ ਅਤੇ ਵਿਚੋਲਿਆਂ ਦੁਆਰਾਂ ਸੋਸ਼ਣ ਦਾ ਸਿਕਾਰ ਬਣ ਗਏ।

ਇਸ ਲਈ, ਪ੍ਰਭਾਵਸ਼ਾਲੀ ਸੰਚਾਰ ਭਾਰਤੀ ਖੇਤੀਬਾੜੀ ਦੀ ਇਸ ਸਮੇਂ ਮੁੱਖ ਲੋੜ ਹੈ। ਜ਼ਮੀਨੀ ਪੱਧਰ ਦੀਆਂ ਸਥਿਤੀਆਂ ਅਤੇ ਸਰਕਾਰ ਦੁਆਰਾ ਚਲਾਈਆਂ ਜਾ ਰਹੀਆਂ ਯੋਜਨਾਵਾਂ ਵਿੱਚ ਬਹੁਤ ਵੱਡਾ ਪਾੜਾ ਹੈ। ਇਸ ਪਾੜੇ ਨੂੰ ਭਰਨ ਲਈ ਅਸੀ ਇਹ ਐਪ ਵਿਕਸਿਤ ਕੀਤੀ ਅਤੇ ਕਿਸਾਨਾਂ ਨੂੰ ਮੁਫਤ ਵਿੱਚ ਉਪਲੱਬਧ ਕਰਾਇਆ। ਸਾਡੀ ਇਹ ਐਪ ਮੁੱਖ ਤੌਰ ਤੇ ਛੋਟੇ ਅਤੇ ਮੱਧਵਰਗੀ ਕਿਸਾਨਾਂ ਨੂੰ ਮਦਦ ਕਰਨ ਲਈ ਬਣਾਈ ਗਈ ਹੈ। ਨਵੀਨ ਦੱਸਦੇ ਹਨ।

ਨਪਾਂਤਾ ਐਪ ਨਵੀਨ ਦੁਆਰਾ ਕਿਸਾਨਾਂ ਦੀ ਵਧੀਆ ਉਪਜ ਪ੍ਰਾਪਤ ਕਰਨ ਅਤੇ ਖੁਦਕੁਸ਼ੀਆਂ ਨੂੰ ਘੱਟ ਕਰਨ ਵਿੱਚ ਮਦਦ ਕਰਨ ਦੀ ਇੱਕ ਕੋਸ਼ਿਸ ਹੈ।

**ਨਾਪਾਂਤਾ - ਖੇਤੀ ਦਾ ਐਨਸਾਈਕਲੋਪੀਡੀਆ ਵਿਕਸਿਤ ਕਰਨਾ**

ਨਾਪਾਂਤਾ 'ਖੇਤੀ ਫਸਲ ਪ੍ਰਬੰਧਨ' ਲਈ ਮੁਫਤ ਵਿੱਚ ਡਾਊਨਲੋਡ ਕੀਤੀ ਜਾ ਸਕਣ ਵਾਲੀ ਇੱਕ ਮੋਬਾਇਲ ਐਪਲੀਕੇਸ਼ਨ ਹੈ। ਇਹ ਐਡਰਾਇਡ ਮੋਬਾਇਲ ਉੱਪਰ ਉਪਲੱਬਧ ਹੈ ਅਤੇ ਆਂਧਰਾ ਪ੍ਰਦੇਸ਼ ਅਤੇ ਤੇਲੰਗਨਾਂ ਦੇ 1,70,000 ਕਿਸਾਨ ਇਸਨੂੰ ਪ੍ਰਯੋਗ ਕਰ ਰਹੇ ਹਨ। ਇਹ ਸਟਾਰਟ ਐੱਮ ਏ.ਆਈ.ਪੀ ਇੰਡੀਸੈਟ ਅਤੇ ਟ੍ਰਿਪਲ ਟੀ ਹੈਦਰਾਬਾਦ ਦੁਆਰਾ ਸਹਿਯੋਗ ਪ੍ਰਾਪਤ ਹੈ, ਅਤੇ ਕਿਸਾਨਾਂ ਨੂੰ ਖੇਤੀ ਨਾਲ ਸੰਬੰਧਿਤ ਹਰ ਪ੍ਰਕਾਰ ਦੀ ਜਾਣਕਾਰੀ ਮੁਹੱਈਆ ਕਰਵਾ ਰਿਹਾ ਹੈ ਜੋ ਉਹਨਾ ਨੂੰ ਚਾਹੀਦੀ ਹੈ। 3500 ਤੋ ਵੱਧ ਮੰਡੀਆਂ ਦੇ ਰੋਜ਼ਾਨਾ ਦੇ



*ਐੱਪ ਦੀ ਵਰਤੋਂ ਸੰਬੰਧੀ ਕਿਸਾਨ ਸਿਖਲਾਈ ਪ੍ਰੋਗਰਾਮ*




*ਨਵੀਨ ਕੁਮਾਰ ਕਿਸਾਨਾਂ ਨਾਲ*

ਭਾਅ ਤੋ ਲੈ ਕੇ 300 ਤੋ ਵੱਧ ਖੇਤੀ ਉਤਪਾਦਾ ਦੇ ਪਿਛਲੇ 3 ਸਾਲਾਂ ਦੇ ਕੀਮਤਾ ਤੱਕ ਸਭ ਕੁੱਝ ਇੱਕ ਕਲਿੱਕ ਦੀ ਦੂਰੀ ਤੇ ਹੈ। ਕਿਸਾਨ ਨੂੰ ਸਿਰਫ ਇੱਕ ਮੋਬਾਇਲ ਇੰਟਰਨੈੱਟ ਕਨੈਕਸ਼ਨ ਚਾਹੀਦਾ ਹੈ।

ਇਸਦੇ ਨਾਲ ਹੀ ਇਹ ਐਪ ਕਿਸਾਨਾਂ ਦੀ ਸੁਨਿਯੋਜਿਤ ਤਰੀਕੇ ਨਾਲ ਉਹਨਾਂ ਦੇ ਖਰਚਿਆਂ ਉੱਪਰ ਨਜ਼ਰ ਵਿੱਚ ਮੱਦਦ ਕਰਦੀ ਹੈ। ਅਤੇ ਕੀਟਨਾਸ਼ਕਾਂ, ਨਦੀਨਨਾਸ਼ਕਾਂ ਦੀ ਉਪਲੱਬਤਾ, ਰਚਨਾ ਅਤੇ ਉਹਨਾ ਨੂੰ ਤਿਆਰ ਕਰਨ ਦੀਆਂ ਤਕਨੀਕਾਂ ਬਾਰੇ ਪੂਰੀ ਵਿਸਤ੍ਰਿਤ ਜਾਣਕਾਰੀ ਉਪਲੱਬਧ ਕਰਵਾਉਦੀ ਹੈ। ਜਿੰਨਾਂ ਕਿਸਾਨਾ ਲਈ ਹਰ ਸਮੇ ਇੰਟਰਨੈੱਟ ਕਨੈਕਸ਼ਨ ਦੀ ਉਪਲੱਬਧਤਾ ਨਹੀ ਰਹਿੰਦੀ ਉਹਨਾਂ ਲਈ ਇਸ ਐਪ ਦਾ ਆਨਲਾਈਨ ਸੁਵਿਧਾ ਵੀ ਮੌਜੂਦ ਹੈ। ਜਿਸ ਵਿੱਚ 100 ਤੋ ਵੱਧ ਫਸਲਾਂ ਬਾਰੇ ਫਸਲ ਪ੍ਰਬੰਧਨ ਅਤੇ ਕੀਟ ਪ੍ਰਬੰਧਨ ਤਕਨੀਕਾਂ ਦੀ ਜਾਣਕਾਰੀ ਦਿੱਤੀ ਗਈ ਹੈ।

ਇਸ ਸਮੇਂ ਇਹ ਐਪ ਤੇਲਗੂ ਅਤੇ ਅੰਗਰੇਜ਼ੀ ਭਾਸ਼ਾ ਵਿੱਚ ਉਪਲੱਬਧ ਹੈ ਅਤੇ ਛੋਟੇ ਅਤੇ ਮੱਧਵਰਗੀ ਕਿਸਾਨਾਂ ਦੀ ਖੇਤੀਬਾੜੀ ਸੰਦਾਂ ਨੂੰ ਬੜੇ ਹੀ ਸਸਤੇ ਭਾਅ ਖਰੀਦ ਜਾਂ ਕਿਰਾਏ ਉੱਪਰ ਲੈਣ ਵਿੱਚ ਮੱਦਦ। ਉਹ ਅੱਗੇ ਕਹਿੰਦੇ ਹਨ, "ਵਿਕਾਸ ਅਤੇ ਨਵੀਆਂ ਸੁਵਿਧਾਵਾਂ ਨੂੰ ਜੋੜਨਾ ਇੱਕ ਲਗਾਤਾਰ ਪ੍ਰਕ੍ਰਿਆ ਹੈ"

ਇੱਥੇ ਇਹ ਵੀ ਜਿਕਰ ਕਰਨਾ ਜਰੂਰੀ ਹੈ ਕਿ ਇਸ ਐਪ ਦਾ ਸਾਰਾ ਡਾਟਾ ਡੀ ਆਈ ਆਰ ਬੀ ਸੀ (ਕੇਂਦਰੀ ਕੀਟਨਾਸ਼ਕ ਬੋਰਡ ਅਤੇ ਰਜਿਸਟ੍ਰੇਸ਼ਨ ਕਮੇਟੀ) ਦੇ ਦਿਨ੍ਹਾ ਨਿਰਦੇਸ਼ਾ ਦੀ ਪਾਲਣਾ ਕਰਦਾ ਹੈ। ਦੇਸ਼ ਭਰ ਦੀਆਂ ਮੰਡੀਆਂ ਦੇ ਭਾਅ agmarket.nic.in ਤੋ ਲਏ ਜਾਂਦੇ ਹਨ।

ਅੱਜ ਇਹ ਐਪ 1,70,000 ਕਿਸਾਨਾਂ ਤੱਕ ਪਹੁੰਚ ਚੁੱਕੀ ਹੈ। ਰੋਜ ਨਵੇ 3000 ਤੋ ਵੱਧ ਕਿਸਾਨ ਇਸ ਐਪ ਉੱਪਰ ਆਉਦੇ ਹਨ ਅਤੇ ਰੋਜ਼ਾਨਾ ਐਪ ਗੱਲਬਾਤ 2500 ਤੋ ਵੱਧ ਹੈ। ਪਹੁੰਚ ਨਾਪਾਂਤਾ ਐਪ ਦੀ ਕੈਲੀਫੋਰਨੀਆ ਯੂਨੀਵਰਸਿਟੀ, ਬਰਕਲੇ ਦੁਆਰਾ ਆਧਰਾਂ ਪ੍ਰਦੇਸ਼ ਦੇ ਪਿੰਡਾਂ ਦੇ 10,000 ਤੋ ਵੱਧ ਕਿਸਾਨਾਂ ਉੱਪਰ ਕੀਤੇ ਗਏ ਸਰਵੇ ਵਿੱਚ ਸਾਫ ਦਿਸਦੀ ਹੈ। ਯੂਨੀਵਰਸਿਟੀ ਦੇ ਵਿਦਿਆਰਥੀ ਇਹ ਸਮਝਣਾ ਚਾਹੁੰਦੇ ਸਨ ਕਿ ਕਿਵੇ ਕਿਸਾਨ ਖੇੜੀਬਾੜੀ ਗਤੀਵਿਧੀਆਂ ਵਿੱਚ ਤਕਨੀਕ ਦਾ ਇਸਤੇਮਾਲ ਕਰਦੇ ਹਨ। ਇਹ ਉਸ ਸਮੇ ਦੀ ਹੀ ਗੱਲ ਹੈ ਜਦ ਨਾਪਾਂਤਾ ਨੂੰ ਆਂਧਰਾ ਪ੍ਰਦੇਸ਼ ਸਰਕਾਰ ਅਤੇ ਕੈਲੀਫੋਰਨੀਆਂ ਯੂਨੀਵਰਸਿਟੀ ਦੁਆਰਾ ਇਹਨਾਂ ਪਿੰਡਾਂ ਵਿੱਚ 'ਸਮਰਾਟ ਪਿੰਡ' ਪ੍ਰੋਜੈਕਟ ਦਾ ਹਿੱਸਾ ਬਣਨ ਲਈ ਬੁਲਾਇਆ ਗਿਆ।

ਉਹ ਬੜੀ ਹੀ ਖੁਸ਼ੀ ਨਾਲ ਯਾਦ ਕਰਦਾ ਹੈ ਕਿ ਕਿਸ ਤਰ੍ਹਾ ਮਹਿਬੂਬਾਬਾਦ ਨੇੜੇ ਥਲਾਪੁਸਲਾਪਲੀ ਵਿਖੇ ਕਿਸਾਨ ਮੀਟਿੰਗ ਵਿੱਚ ਕੁੱਝ ਪ੍ਰਗਤੀਸ਼ੀਲ ਕਿਸਾਨਾਂ ਨੂੰ ਆਪਣੀ ਖੇਤੀ ਗਤੀਵਿਧੀਆਂ ਲਈ ਨਾਪਾਂਤਾ ਐਪ ਨੂੰ ਇਸਤੇਮਾਲ ਕਰਦੇ ਦੇਖ ਕੇ ਇਹ ਹੈਰਾਨ ਰਹਿ ਗਿਆ ਸੀ। "ਸੰਯੁਕਤ ਕਲੈਕਟਰ ਜੋ ਕਿ ਉਸ ਸਮੇਂ ਮੁੱਖ ਮਹਿਮਾਨ ਸਨ ਦੀ ਮਜੂਦਗੀ ਵਿੱਚ ਕਿਸਾਨਾਂ ਨੇ ਦੱਸਿਆਂ ਕਿ ਕਿਸ ਤਰ੍ਹਾ ਇਸ ਐਪ ਨੇ ਉਹਨ੍ਹਾ ਦੀ ਖੇਤੀ ਨੂੰ ਬਦਲ ਦਿੱਤਾ ਹੈ। ਇੱਥੇ ਤੱਕ ਕਿ ਜਿਲ੍ਹਾ ਖੇਤੀਬਾੜੀ ਅਫਸਰ, ਸੰਯੁਕਤ ਨਿਰਦੇਸ਼ਕ, ਖੇਤੀਬਾੜੀ ਵਿਭਾਗ ਅਤੇ ਸਹਾਇਕ ਨਿਰਦੇਸ਼ਕ ਨੇ ਵੀ ਇਸ ਐਪ ਵਿੱਚ ਦਿਲਚਪਸੀ ਦਿਖਾਈ ਅਤੇ ਤੇਲੰਗਾਨਾ ਦੇ ਕਿਸਾਨਾਂ ਨੂੰ ਇਸ ਐਪ ਨੂੰ ਇਸਤੇਮਾਲ ਕਰਨ ਲਈ ਪ੍ਰੋਤਸ਼ਾਹਿਤ ਕਰ ਰਹੇ ਹਨ। ਜਦਕਿ ਨਵੀਨ ਮਹਾਰਾਸ਼ਟਰ ਸਰਕਾਰ ਨੂੰ ਵੀ ਇਸ ਐਪ ਲਈ ਮਨਾ ਰਿਹਾ ਹੈ। ਉਸਨੇ ਆਧਰਾਂ ਪ੍ਰਦੇਸ਼ ਅਤੇ ਤੇਲੰਗਾਨਾ ਸਰਕਾਰਾਂ ਦਾ, ਇਸ ਲਈ ਸਹਿਯੋਗ ਪਹਿਲਾਂ ਹੀ ਪ੍ਰਾਪਤ ਕਰ ਚੁੱਕਿਆ ਹੈ।

ਨਵੀਨ ਨੇ ਕਿਸਾਨਾਂ ਦੇ ਲਾਭ ਲਈ ਤਕਨੀਕ ਦਾ ਇਸਤੇਮਾਲ ਕਰਨ ਉੱਪਰ ਜੋਰ ਦਿੰਦਿਆ ਵਿਦਾ ਲਈ। "ਸ੍ਰੋਤਾਂ ਅਤੇ ਤਕਨੀਕ ਦਾ ਸਹੀ ਮਿਸ਼ਰਣ ਹੀ ਉਹ ਹੈ ਇਸ ਦੀ ਇਸ ਸਮੇਂ ਜਰੂਰਤ ਹੈ।

ਇੱਥੇ ਬੱਸ ਇਹ ਸਮਝਣ ਦੀ ਲੋੜ ਹੈ ਕਿ ਕਿਸਾਨਾਂ ਨੂੰ ਖੇਤੀ ਤਕਨੀਕਾਂ ਦੀ ਜਾਣਕਾਰੀ ਇੱਕ ਕਲਿੱਕ ਦੀ ਦੂਰੀ ਤੇ ਹੈ। ਇਹ ਲੇਖ 'ਬੈਟਰ ਇੰਡੀਆ' ਵੈਬਸਾਈਟ ਤੇ ਪ੍ਰਕਾਸ਼ਿਤ ਲੇਖ ਦੀ ਸੰਪਾਦਿਤ ਸੰਸਕਰਨ ਹੈ। ◆

**App that helps farmers get better yield**
**LEISA INDIA, Dec 2020**


# www.leisaindia.org

A website for learning and sharing experiences on LEISA practices

**Main Features**

- Space to share your LEISA experience.
- A source for LEISA practices followed by farmers.
- An archive of LEISA India magazines—English edition and regional editions (Kannada, Tamil, Hindi, Telugu, Oriya, Punjabi and Marathi)
- Photos and videos on LEISA practices.
- Interesting cases of people following LEISA practices.




Follow us on Facebook: www.facebook.com/Leisaindiamag

Follow us on Twitter: @LeisaIndia

# ਮੰਡੀਕਰਨ ਲਈ ਡਿਜੀਟਲ ਹੱਲ

**ਵੈਂਕਟ ਮਾਰੋਜੂ**

**ਹਰਿਆਣਾ ਬਾਗਬਾਨੀ ਵਿਭਾਗ ਅਤੇ ਸੌਰਸ ਟਰੇਸ ਡਿਜੀਟਲ ਮੰਚ ਨੇ ਉਤਪਾਦਕ ਅਤੇ ਗ੍ਰਾਹਕ ਨੂੰ ਇੱਕ ਸਾਂਝਾ ਮੰਚ ਪ੍ਰਾਦਾਨ ਕਰਨ ਲਈ ਆਪਸ ਵਿੱਚ ਸਹਿਯੋਗ ਨਾਲ ਇੱਕ ਉਪਰਾਲਾ ਸ਼ੁਰੂ ਕੀਤਾ ਹੈ। ਇਹ ਡਿਜੀਟਲ ਉਪਰਾਲਾ ਉਤਪਾਦਕ ਐੱਫ.ਪੀ.ਓ ਨੂੰ ਬਾਜ਼ਾਰ ਵਿੱਚ ਵੱਧ ਕੀਮਤ ਲਈ ਗੱਲਬਾਤ ਕਰਨ ਦੇ ਸਮਰੱਥ ਬਣਾਉਦੀ ਹੈ ਜਿਸ ਦਾ ਸਿੱਧਾ ਲਾਭ ਕਿਸਾਨਾਂ ਨੂੰ ਮਿਲਦਾ ਹੈ।**

ਬਾਗਬਾਨੀ ਨੇ ਨਾ ਸਿਰਫ ਕਿਸਾਨਾਂ ਦੀ ਆਰਥਿਕ ਸਥਿਤੀ ਵਿੱਚ ਸੁਧਾਰ ਕੀਤਾ ਹੈ ਸਗੋ ਮਸ਼ਰੂਮ ਦੀ ਖੇਤੀ, ਸਟ੍ਰਾਬੇਰੀ ਦੀ ਤੁੜਾਈ, ਫੁੱਲਾਂ ਦੀ ਖੇਤੀ ਅਤੇ ਸਬਜੀਆਂ ਦੇ ਬੀਜਾਂ ਦੇ ਉਤਪਾਦਨ ਆਦਿ ਵਿੱਚ ਰੁਜ਼ਗਾਰ ਪੈਦਾ ਕਰਕੇ ਮਹਿਲਾਵਾਂ ਲਈ ਵੀ ਬਹੁਤ ਫਾਇਦੇਮੰਦ ਸਾਬਿਤ ਹੋਈ ਹੈ। ਇਹ ਖੇਤਰ ਸਿਰਫ 8 ਪ੍ਰਤੀਸ਼ਤ ਖੇਤੀ ਯੋਗ ਜਮੀਨ ਤੋ ਖੇਤੀ ਦੀ ਸੀ ਡੀ ਪੀ ਦਾ 245  ਪ੍ਰਤੀਸ਼ਤ ਯੋਗਦਾਨ ਪਾਉਦਾ ਹੈ ਫਲ ਅਤੇ ਸਬਜੀਆਂ ਦਾ ਉਤਪਾਦਨ ਭਾਰਤ ਨੂੰ ਤਾਜ਼ੇ ਫਲ ਅਤੇ ਸਬਜੀਆਂ ਦਾ ਵੱਡਾ ਨਿਰਯਾਤਕ ਬਣਾਉਦੀਆਂ ਹਨ। ਹਾਲਾਂਕਿ ਖੇਤੀ ਵਪਾਰ ਵਿੱਚ ਛੋਟੇ ਕਿਸਾਨਾਂ ਲਈ ਵੱਡੀਆਂ ਚਣੌਤੀਆਂ ਹਨ ਜੋ ਕਿ ਚਿੰਤਾ ਦਾ ਕਾਰਨ ਬਣ ਰਹੀਆਂ ਹਨ ਕਿਉਕਿ ਬਾਗਬਾਨੀ ਤੁਹਾਡੇ ਉਤਪਾਦਨ, ਗੋਦਾਮਾਂ ਤੱਕ ਪਹੁੰਚਾਉਣਾ ਜਾਂ ਸਿੱਧੇ ਗ੍ਰਾਹਕਾ ਨੂੰ ਬਹੁਤ ਹੀ ਵਾਜਬ ਮੁੱਲ ਅਤੇ ਮਜੂਦਾ ਬਾਜ਼ਾਰ ਕੀਮਤ ਤੇ ਉਪਲੱਬਧ ਕਰਵਾਉਣਾ ਆਦਿ ਵਿਚਕਾਰ ਨਾਜੁਕ ਜਿਹੇ ਬਾਰੇ ਹੈ।

ਕੋਰੋਨਾ ਮਹਾਂਮਾਰੀ ਨੇ ਸਬਜੀਆਂ - ਫਲਾਂ ਦੇ ਵਪਾਰ ਨੂੰ ਵੱਡੀ ਸੱਟ ਮਾਰੀ ਹੈ ਆਵਾਜਾਈ ਨੂੰ ਸਾਧਨਾਂ ਦੀ ਅਣਉਪਲੱਬਧਤਾ ਕਰਕੇ ਆਪਾਂ ਸਭ ਨੇ ਸਬਜੀਆਂ-ਫਲਾਂ ਦੇ ਖਰਾਬ ਹੋਣ ਦੀਆਂ ਖਬਰਾਂ ਪੜੀਆਂ ਹਨ। ਉਦਯੋਗ ਦੇ ਸ੍ਰੋਤਾਂ ਦਾ ਕਹਿਣਾ ਹੈ ਕਿ ਸਬਜੀਆਂ ਦੇ ਬੀਜਾਂ ਦੀ ਵਿਕ੍ਰੀ ਵਿਚ 20-30% ਦੀ ਕਮੀ ਆਈ ਹੈ। ਦੂਜੇ ਪਾਸੇ ਉਤਪਾਦਕ ਕਈ ਚਣੌਤੀਆਂ ਦਾ ਸਾਹਮਣਾ ਕਰ ਰਹੇ ਹਨ ਜਿਵੇ ਫਲਾਂ - ਸਬਜੀਆਂ ਨੂੰ ਇੱਕ ਥਾਂ ਤੋ ਦੂਜੀ ਥਾਂ ਲੈ ਕੇ ਜਾਣ ਲਈ ਸਾਧਨ ਨਹੀ ਮਿਲ ਰਹੇ, ਮੰਡੀਕਰਨ ਦੀ ਪ੍ਰੇਸ਼ਾਨੀ ਆ ਰਹੀ ਹੈ, ਸੰਦਾਂ ਦੀ ਕਮੀ ਹੈ, ਸਬਜੀਆਂ- ਫਲਾਂ ਦੀ ਤੁੜਾਈ ਲਈ ਮਜ਼ਦੂਰ ਨਹੀ ਮਿਲ ਰਹੇ। ਜਿਸ ਕਰਕੇ ਉਹ ਫਲਾਂ-ਸਬਜ਼ੀਆਂ ਦੀ ਖੇਤੀ ਰੈਡ ਅਨਾਜ ਦੀ ਖੇਤੀ ਵੱਲ ਮੁੜ ਰਹੇ ਹਨ। ਭਾਰਤ ਦੀ ਰਾਸ਼ਟਰੀ ਬੀਜ ਸੰਸਥਾ ਦੁਆਰਾਂ ਇਹ ਸਾਝਾਂ ਕੀਤਾ ਗਿਆ ਹੈ ਕਿ ਕਈ ਰਾਜ ਜਿਵੇ ਕਿ ਮੱਧ ਪ੍ਰਦੇਸ ਉੱਤਰ ਪ੍ਰਦੇਸ਼ ਅਤੇ ਬਿਹਾਰ ਸਬਜੀਆਂ ਦੀ ਖੇਤੀ ਦੀ ਬਜਾਏ ਮੱਕੀ ਦੀ ਖੇਤੀ ਕਰਨ ਵੱਲ ਵੱਧ ਰਹੇ ਹਨ। ਇਸ ਸੰਸਥਾ ਨੇ ਇਹ ਵੀ ਦੱਸਿਆਂ ਕਿ ਲੌਕੀ ਭਿੰਡੀ ਦੇ ਨਾਲ ਟਮਾਟਰ ਦੀ ਖੇਤੀ ਇਸ ਨਾਲ ਸਭ ਤੋ ਵੱਧ ਪ੍ਰਭਾਵਿਤ ਹੋਵੇਗੀ। ਇਸ ਦੇ ਨਾਲ ਹੀ ਭਾਰਤ ਭਰ ਵਿੱਚ ਗੋਭੀ ਦੀ ਕਾਸ਼ਤ ਵਿੱਚ ਵੀ ਬਹੁਤ ਵੱਡੀ ਕਮੀ ਆਵੇਗੀ। ਇਸਦੇ ਮੁਕਾਬਲੇ, ਮੱਧ ਪ੍ਰਦੇਸ਼ ਵਿੱਚ ਪਿਆਜ਼ ਦੇ ਬੀਜ਼ਾਂ ਦੀ ਚੰਗੀ ਵਿਕਰੀ ਹੋਈ, ਇਸ ਲਈ ਪਿਆਜ਼ ਦੀ ਵਧੀਆ ਫਸਲ ਦੀ ਉਮੀਦ ਕਰ ਸਕਦੇ ਹਾਂ।

ਭਾਰਤ ਦੀ ਸਬਜੀ ਉਤਪਾਦਕਾਂ ਦੀ ਐਸੋਸੀਏਸ਼ਨ ਦੇ ਅਨੁਸਾਰ ਸਬਜੀ -ਫਲਾਂ ਦੀ ਕਾਸ਼ਤ ਕਰਨ ਵਾਲਿਆਂ ਨੂੰ ਲਾਕਡਾਊਨ ਦੌਰਾਨ ਭਾਰੀ ਨੁਕਸਾਨ ਹੋਇਆ ਜਿਸ ਨਾਲ ਖੇਤੀ ਉਪਜ ਮੰਡੀ ਸਮਿਤੀਆ ਵੀ ਬੰਦ ਹੋ ਗਈਆ। ਇਸ ਬੜੀ ਉਹ ਹੁਣ ਸਬਜੀਆਂ ਦੀ ਖੇਤੀ ਨਾਲ ਚਿਪਕੇ ਰਹਿਣ ਲਈ ਤਿਆਰ ਨਹੀ। ਇਹਨਾਂ ਵਿਚੋ ਧੜਾ ਗੰਨੇ ਦੀ ਖੇਤੀ ਵੱਲ ਮੁੜ ਗਿਆ ਹੈ। ਲਾਕਡਾਊਨ ਦੌਰਾਨ, ਮਹਾਂਰਾਸ਼ਟਰ ਵਿੱਚ ਕੁੱਝ ਛੋਟੇ ਅਤੇ ਸੀਮਾਂਤ ਕਿਸਾਨਾਂ ਨੇ ਸ਼ਹਿਰਾ ਦੇ ਰਾਊਸਿੰਗ ਕਾਲੋਨੀਆਂ ਨਾਲ ਸੰਬੰਧਿਤ ਰਾਊਸਿੰਗ ਸੁਸਾਇਟੀਆ ਅਤੇ ਕਿਸਾਨ ਸਮੂਹਾਂ ਨਾਲ ਇਹਨਾਂ ਸੁਸਾਇਟੀਆਂ ਦੇ ਦਰਵਾਜੇ ਤੱਕ ਤਾਜੇ ਫਲ-ਸਬਜੀਆਂ ਪਹੁੰਚਾਉਣ ਲਈ ਹੱਥ ਮਿਲਾਇਆਂ। ਇਸ ਦਾ ਲਾਭ ਕਿਸਾਨਾਂ ਅਤੇ ਗਾਹਕਾਂ ਨੂੰ ਹੋਇਆ। ਕਿਸਾਨਾਂ ਨੂੰ ਸਿੱਧਾ ਲਾਭ ਮਿਲਿਆ ਅਤੇ ਗ੍ਰਾਹਕਾਂ ਨੂੰ ਤਾਜ਼ਾ ਫਲ-ਸਬਜੀਆਂ ਵਾਜਬ ਕੀਮਤ ਤੇ। ਪ੍ਰੰਤੂ ਇਹ ਸਭ ਪ੍ਰਯੋਗ ਕੇਵਲ ਪਿੰਡਾਂ ਦੇ ਨਾਲ ਲੱਗਦੇ ਸਹਿਰਾਂ ਤੱਕ ਸੀਮਿਤ ਰਹੇ। ਫਲਾਂ ਅਤੇ ਸਬਜੀ ਉਦਯੋਗ ਵਿੱਚ ਮੌਜੂਦਾ ਖੇਤੀ-ਤਕਨੀਕਾਂ ਜਦੋ ਬਾਗਬਾਨੀ ਵਿੱਚ ਤਕਨੀਕ ਲਾਗੂ ਕਰਨ ਦੀ ਗੱਲ ਆਉਦੀ ਹੈ ਤਾਂ ਡਿਜੀਟਲ ਤਕਨੀਕ ਮੁੱਖ ਤੌਰ ਤੇ ਤਿੰਨ ਤਰੀਕਿਆ ਨਾਲ ਲਾਗੂ ਕੀਤੀ ਜਾਂਦੀ ਹੈ- ਖੇਤ ਦਾ ਡਿਜੀਟਲੀਕਰਨ ਜਿਸ ਵਿੱਚ ਕਿਸਾਨ ਨੂੰ ਉਤਪਾਦਨ, ਕੀਟ ਕੰਟਰੋਲ, ਉਤਪਾਦਨ ਪ੍ਰਬੰਧਨ ਟ੍ਰੈਕਿੰਗ ਆਦਿ ਦੀ ਸਮੁੱਚੀ ਜਾਣਕਾਰੀ ਉਪਲੱਬਧ ਕਰਵਾਈ ਜਾਂਦੀ ਹੈ। ਦੂਜਾ, ਜਲਵਾਯੂ-ਸਮਰਾਟ ਖੇਤੀ ਡਾਟਾ ਦੁਆਰਾ ਇਹ ਉਤਪਾਦਨਾਂ ਦੀ ਮਿੱਟੀ, ਵਾਤਾਵਰਣ ਅਤੇ ਫਸਲ ਦੇ ਵੱਖੋ- ਵੱਖਰੇ ਮਾਪਦੰਡਾ ਨੂੰ ਰਿਕਾਰਡ

ਕਰਨ ਲਈ ਸੈਂਸਿੰਗ ਤਕਨਾਲੋਜੀ ਦੀ ਵਰਤੋਂ ਕਰਕੇ ਹੋਏ ਫੈਸਲੇ ਲੈਣ ਵਿੱਚ ਮਦਦ ਕਰਦੀ ਹੈ। ਤੀਸਰਾ, ਖੇਤੀ ਬਾਜ਼ਾਰ ਸਥਾਨ ਮੁੱਖ ਤੌਰ ਤੇ ਕੀਮਤਾਂ ਦੱਸਣਾ, ਖੇਤੀ ਖਬਰਾਂ, ਸਥਾਨਿਕ ਭਾਸ਼ਾ ਵਿੱਚ ਸਰਕਾਰੀ ਮੰਡੀ ਦੀਆਂ ਕੀਮਤਾਂ ਦੱਸਣਾ ਅਤੇ ਜਿੱਥੇ ਸੰਕਟ ਹੋਵੇ ਕਿਸਾਨਾਂ ਦਾ ਗ੍ਰਾਹਕਾਂ ਨਾਲ ਤਾਲਮੇਲ ਕਰਵਾਉਣਾ ਅਤੇ ਵਿਚਾਰ ਵਟਾਂਦਰੇ ਬਾਅਦ ਕੀਮਤ ਨਿਰਧਾਰਤ ਕਰਨ ਵਿੱਚ ਮਦਦ ਕਰਦਾ ਹੈ। ਇਹ ਮੁੱਖ ਤੌਰ ਤੇ ਲਾਗਤਾਂ (ਪਾਣੀ, ਊਰਜਾ, ਖਾਦਾਂ ਤੇ ਕੀਟਨਾਸ਼ਕਾਂ) ਨੂੰ ਘਟਾਉਂਦਾ ਹੈ ਉਤਪਾਦ ਦੇ ਨੁਕਸਾਨ (ਨਿਯੰਤ੍ਰਿਤ ਮੌਸਮੀ ਪਰਿਸਥਿਤੀਆਂ, ਵਾਢੀ ਲਈ ਢੁਕਵਾ ਸਮਾਂ) ਨੂੰ ਰੋਕਦਾ ਹੈ ਅਤੇ ਪ੍ਰਕਿਰਿਆਵਾਂ ਨੂੰ ਆਟੋਮੈਟਿਕ ਕਰਕੇ ਰੋਜ਼ਾਨਾਂ ਦੇ ਕੰਮਾਂ ਨੂੰ ਅਨੁਕੂਲ ਬਣਾਉਂਦਾ ਹੈ। ਉਸਦੇ ਨਾਲ ਹੀ ਉਹਨ੍ਹਾ ਨੂੰ ਸਮੇ ਵਿੱਚ ਮਦਦ ਕਰਦੀਆ ਹਨ। ਕਿਸਾਨਾਂ ਨੂੰ ਡਿਜੀਟਲ ਸੰਹਾਰਿਕ ਕਰਨਾ ਛੋਟੇ ਕਿਸਾਨਾ ਦੇ ਐਗ੍ਰੀ ਬਿਜਨੈਸ ਸੰਘ ਅਤੇ ਹਰਿਆਣਾ ਦੇ ਬਾਗਬਾਨੀ ਵਿਭਾਗ ਨੇ ਬਾਗਬਾਨੀ ਕਿਸਾਨਾਂ ਦੇ ਸਹਿਯੋਗੀ ਲਈ ਸੌਰਸਫਰੇਸ ਨੂੰ ਤੈਨਾਤ ਕੀਤਾ। ਹਰਿਆਣਾ ਬਾਗਬਾਨੀ ਵਿਭਾਗ ਕਿਸਾਨਾਂ ਦੇ ਸਹਿਯੋਗ ਲਈ ਸੌਰਸਫਰੇਸ ਨੂੰ ਤੈਨਾਤ ਕੀਤਾ। ਹਰਿਆਣਾ ਬਾਗਬਾਨੀ ਵਿਨਾਸ ਕਿਸਾਨਾਂ ਅਤੇ ਖੇਤੀ ਆਧਾਰਿਤ ਸਮੁਦਾਇਕ ਦੇ ਕਲਿਆਣ ਲਈ ਇੱਕ ਜਵਾਬਦੇਹ ਅਤੇ ਕ੍ਰਿਆਸੀਲ ਤੰਤਰ ਪ੍ਰਦਾਨ ਕਰਨ ਲਈ ਵਚਨਬੱਧ ਹੈ। ਇਹ ਸੰਸਥਾਵਾਂ ਕਿਸਾਨਾਂ ਦੇ ਜੀਵਨ ਸਫਰ ਨੂੰ ਉੱਚਾ ਚੁੱਕਣ ਲਈ ਅਤੇ ਕਿਸਾਨ ਪ੍ਰੋਡਿਊਸਰ ਕੰਪਨੀਆਂ ਦੇ ਪ੍ਰਬੰਧਨ ਲਈ ਆਈ ਟੀ ਦਾ ਪ੍ਰਯੋਗ ਕਰਨ ਦੀ ਜਰੂਰਤ ਨੂੰ ਸਮਝਦੇ ਹਨ। ਇਸ ਯੋਜਨਾ ਵਿੱਚ ਇੱਕ ਵੱਖ ਕਿਸਾਨਾਂ ਦਾ ਪ੍ਰੋਫਾਈਲ ਬਣਾਉਣਾ ਅਤੇ ਉਹਨ੍ਹਾ ਦੇ ਖੇਤਾਂ ਦਾ ਡਿਜੀਟਲਕਰਨ ਕਰਨਾ ਸ਼ਾਮਿਲ ਹੈ। ਛੋਟੇ ਕਿਸਾਨਾਂ ਦੇ ਐਗ੍ਰੀ ਬਿਜਨੈਸ ਸੰਘ ਦੇ ਪ੍ਰਬੰਧਕ ਨਿਰਦੇਸ਼ਕ ਤਾਂ ਅਨੁਭਵ ਸਿੰਘ ਛੈਣੀ ਦਾ ਕਹਿਣਾ ਹੈ, ਸਾਡਾ ਉਦੇਸ਼ ਕਿਸਾਨ ਭਾਈਚਾਰੇ ਨੂੰ ਖੇਤੀ ਵਿੱਚ ਸੂਚਨਾ ਤਕਨੀਕ ਦਾ ਵਿਆਪਕ ਉਪਯੋਗ ਕਰਕੇ ਮਸ਼ਹੂਰ ਬਣਾਉਣਾ ਹੈ, ਅਸੀ ਇੱਕ ਅਜਿਹੇ ਦ੍ਰਿਸ਼ ਦੀ ਕਲਪਨਾ ਕਰਦੇ ਹਨ, ਜਿੱਥੇ ਹਰੇਕ ਕਿਸਾਨ ਅਤੇ ਐਫ.ਪੀ. ਓ ਬਾਗਬਾਨੀ ਸੇਵਾ ਤੱਕ ਤੇਜ਼ ਅਤੇ ਆਸਾਨ ਪਹੁੰਚ ਲਈ ਲੌਰਸ ਟਰੇਸ ਕਿਸੇ ਵਿਆਪਕ ਮੰਚ ਦੇ ਲਾਭਾਂ ਤੱਕ ਪਹੁੰਚ ਕਰਨ ਦੇ ਯੋਗ ਹੋਣਗੇ ਜਿਸ ਨਾਲ ਸੂਬੇ ਦੇ ਕਿਸਾਨਾਂ ਬਿਹਤਰ ਜੀਵਨ ਗੁਣਵੱਤਾ ਵੱਲ ਵੱਧ ਸਕਣਗੇ।

ਕਿਸਾਨਾਂ ਨੂੰ ਬਹੁਪੱਖੀ ਪ੍ਰੇਰਣਾ : ਵਧੀਆ ਫਸਲ ਦਾ ਫਾਇਦਾ ਉਠਾਉਣ ਲਈ ਹਰਿਆਣਾ ਬਾਗਬਾਨੀ ਵਿਭਾਗ ਅਤੇ ਸੌਰਸਟਰੇਸ ਡਿਜੀਟਲ ਮੰਚ ਬਾਜ਼ਾਰ ਜੋੜਨ ਉਦਪਾਦਨ ਅਤੇ ਖਰੀਦਦਾਰ ਨੂੰ ਸਾਝੇ ਮੰਚ ਤੇ ਲਿਆਉਣ ਅਤੇ ਖਰੀਦਦਾਰ ਨੂੰ ਤਾਜੇ ਉਤਪਾਦ ਸਿੱਧੇ ਐੱਫ.ਪੀ. ਓ ਅਤੇ ਕਿਸਾਨ ਤੋ ਖਰੀਦਣ ਦੇ ਯੋਗ ਬਣਾਉਣ ਲਈ ਇੱਕ ਸਾਥ ਆਏ। ਵਿਭਾਗ ਨੇ ਸੰਭਾਵਿਤ ਖਰੀਦਦਾਰਾਂ (ਨਿਰਧਾਰਤ, ਮੰਡੀ ਖਰੀਦਦਾਰ, ਸਥਾਨਕ ਵਿਕ੍ਰੇਤ) ਨੂੰ ਸਰਕਾਰੀ ਪੋਰਟਲ ਤੇ ਰਜਿਸਟਰ ਕਰਨ ਅਤੇ ਜਿਵੇ, ਫਸਲ, ਕਿਸਮ, ਗ੍ਰੇਡ ਅਤੇ ਐਫ ਪੀ ਓ ਅਨੁਸਾਰ ਉਤਪਾਦ ਦੇਖਣ । ਖਰੀਦਣ ਲਈ ਪ੍ਰੋਤਸ਼ਾਹਿਤ ਕੀਤਾ। ਉਤਪਾਦਕ ਦੇ ਡਿਜੀਟਲ ਪ੍ਰੋਫਾਇਲ ਨਾਲ ਉਤਪਾਦਕ ਕੋਲ ਕਿਸ ਸਮੇ ਉਤਪਾਦ ਦੀ ਕਿੰਨੀ ਮਾਤਰਾ ਪਈ ਹੈ, ਉਸਦਾ ਐਫ ਪੀ ਓ ਵਿੱਚ ਦਰਜ ਸਾਰਾ ਵੇਰਵਾ ਪੋਰਟਲ ਉਪਰ ਉਪਲੱਬਧ ਹੈ ਜਿਸ ਨਾਲ ਖਰੀਦਦਾਰ ਨੂੰ ਆਸਾਨੀ ਹੁੰਦੀ ਹੈ, ਅਤੇ ਉਹ ਥੋੜੇ ਸਮੇਂ ਵਿੱਚ ਕਿਸਾਨ ਤੋ ਸਿੱਧੇ ਉਤਪਾਦਕ ਖਰੀਦ ਸਕਦਾ ਹੈ।

ਸਭ ਤੋ ਪਹਿਲਾ, ਕਿਸਾਨਾਂ ਨੂੰ ਸਮੇਂ-ਸਮੇਂ ਸਿਰ ਕੀਟ ਅਤੇ ਰੋਗਾਂ ਦੇ ਫਸਲਾਂ ਉੱਪਰ ਹਮਲੇ ਬਾਰੇ ਜਾਣਕਾਰੀ ਦੀ ਅਣਉਪਲੱਬਧਤਾ ਦੀ ਸਮੱਸਿਆ ਨੂੰ ਕਿਸਾਨ ਮੋਬਾਇਲ ਐਪਲੀਕੇਸ਼ਨ ਦੁਆਰਾ ਹੱਲ ਕੀਤਾ ਗਿਆ ਅਤੇ ਕਿਸਾਨਾਂ ਨੂੰ ਸਿੱਧੇ ਵਿਸ਼ੇ ਮਾਹਿਰਾਂ ਨਾਲ ਜੋੜਿਆ ਗਿਆ ਮੋਬਾਇਲ ਸੇਵਾ ਨੂੰ ਉਹ ਆਸਾਨੀ ਨਾਲ ਪ੍ਰਯੋਗ ਕਰ ਸਕਣਾ, ਇਸਦੇ ਲਈ ਪ੍ਰਯੋਗ ਕਰਤਾ ਲਈ ਬਚੀ ਨੇ ਡਿਜਾਇਨ ਨੂੰ ਬਣਾਇਆ ਗਿਆ ਜਿਸ ਨਾਲ ਉਹ ਸਥਾਨਕ ਭਾਸ਼ਾ ਵਿੱਚ ਵਿਸ਼ੇ ਮਾਹਿਰ ਤੱਕ ਬਣਾ ਸਕਦਾ ਹੈ

ਐਪਲੀਕੇਸ਼ਨ ਨੂੰ ਆਸਾਨੀ ਨਾਲ ਗੁਗਲ ਖਲੇ ਸਟੋਰ ਤੋ ਡਾਊਨਲੋਡ ਕੀਤਾ ਜਾ ਸਕਦਾ ਹੈ ਅਤੇ ਆਸਾਨ ਜਿਹੀ ਰਜਿਸਟ੍ਰੇਸ਼ਨ ਪ੍ਰਕਿਰਿਆ ਕਿਸਾਨ ਨੂੰ ਕੀਟ ਅਤੇ ਰੋਗ ਪ੍ਰਬੰਧਨ ਵਾਲੀ ਟੈਬ ਤੇ ਲੈ ਜਾਂਦੀ ਹੈ। ਇਹ ਇੰਡੀਅਨ ਕੋਸਿਲ ਆਫ ਐਗ੍ਰੀਕਲਚਰ ਰਿਸਰਚ ਦੇ ਸਹਿਯੋਗ ਅਤੇ ਪ੍ਰਵਾਨਗੀ ਨਾਲ ਸਿਸਟਮ ਵਿੱਚ ਪਹਿਲਾਂ ਹੀ ਮੁੱਖ ਰੋਗਾਂ ਅਤੇ ਕੀਟਾਂ ਦੀਆਂ ਫੋਟੋਆਂ ਨੂੰ ਆਪਣੇ ਖੇਤ ਵਿੱਚ ਮਿਲਣ ਵਾਲੇ ਕੀਮਤ ਰੋਗਾਂ ਨਾਲ ਮਿਲਾ ਸਕਦਾ ਹੈ ਅਤੇ ਐਪ ਵਿੱਚ ਪਹਿਲਾਂ ਤੋ ਹੀ ਦਰਜ਼ ਸਿਫਾਰਸ਼ਾ ਦੇਖ ਸਕਦਾ ਹੈ। ਜੇਕਰ ਉਪਲੱਬਧ ਨਹੀ ਤਾਂ ਕਿਸਾਨ ਟਿੱਪਣੀ ਦੇ ਨਾਲ ਫੋਟੋ ਅਪਲੋਡ ਕਰ ਸਕਦਾ ਹੈ। ਫੋਟੋ ਵਿਭਾਗ ਦੇ ਮਾਹਿਰ ਵਿਗਿਆਨੀ ਨੂੰ ਭੇਜੀ ਜਾਂਦੀ ਹੈ ਜੋ ਕਿ ਐੱਸ ਐੱਮ ਐੱਸ ਰਾਹੀ ਕਿਸਾਨਾਂ ਨੂੰ ਸਿਫਾਰਸ਼ਾ ਭੇਜ ਦਿੰਦਾ ਹੈ। ਦੂਸਰਾ, ਇਹ ਡਿਜੀਟਲ ਮੰਚ ਕਿਸਾਨਾਂ ਨੂੰ ਹਰਿਆਣੇ ਦੇ ਐਫ.ਪੀ.ਓ ਅਤੇ ਉਹਨਾਂ ਦੇ ਸੰਬੰਧਿਤ ਕਲਸਟਰ ਨਾਲ ਜੋੜਦਾ ਹੈ ਅਤੇ ਕਲਸਟਰ\ਐੱਫ ਪੀ ਓ ਕਿਸਾਨਾਂ ਦੀ ਜਾਣਕਾਰੀ ਵਿਭਾਗ ਨੂੰ ਪ੍ਰਦਾਨ ਕਰਦਾ ਹੈ। ਇਹਨ੍ਹਾ ਜਾਣਕਾਰੀਆਂ ਵਿੱਚ ਫਸਲ ਦਾ ਅਸਲੀ ਡਾਟਾ, ਉਤਪਾਦਨ, ਖੇਤ ਵਿੱਚ ਪਾਈ ਜਾਣ ਵਾਲੀ ਖਾਦ-ਕੀਟਨਾਸ਼ਕ ਅਤੇ ਸੰਬੰਧਿਤ ਸਕੀਮਾਂ ਦੀ ਜਾਣਕਾਰੀ ਸਾਮਿਲ ਹੈ। ਇਹ ਪ੍ਰੋਗਰਾਮ ਬਾਗਬਾਨੀ ਵਿਭਾਗ ਲਈ ਕਿਸਾਨ ਐਪ ਦੁਆਰਾ ਕਿਸਾਨਾਂ ਤੱਕ ਸਰਕਾਰੀ ਸਕੀਮ ਦੀ



*ਡਿਜੀਟਲ ਤੌਰ ਤੇ ਸਮ'ਰਥ ਕਿਸਾਨ*

ਜਾਣਕਾਰੀ, ਬੀਜਾਂ ਬਾਰੇ ਜਾਣਕਾਰੀ ਅਤੇ ਕਿਸਾਨਾਂ ਤੱਕ ਸਿਫਾਰਿਸ਼ਾ ਪਹੁੰਚਾਉਣ ਲਈ ਇੱਕ ਟੂਲ ਦਾ ਕੰਮ ਕਰਦਾ ਹੈ। ਅਖੀਰ ਵਿੱਚ, ਇਹ ਐੱਫ ਪੀ ਓ ਨੂੰ ਮੈਂਬਰ ਕਿਸਾਨਾਂ ਦੇ ਉਤਪਾਦਨ ਨੂੰ ਇਕੱਠਾ ਕਰਨ ਅਤੇ ਸੰਭਾਵਿਤ ਖਰੀਦਦਾਰਾਂ ਨੂੰ ਵੇਚਣ ਦੇ ਸਮਰੱਥ ਬਣਾਉਂਦਾ ਹੈ। ਖਾਸ ਤਰ੍ਹਾਂ ਦੇ ਉਤਪਾਦਾਂ ਲਈ ਐੱਫ.ਪੀ.ਓ ਬਾਜ਼ਾਰ ਤੋ ਵਧੀਆ ਕੀਮਤ ਲੈਣ ਦੇ ਸਮਰੱਥ ਹੋਈਆਂ ਹਨ ਜਿਸ ਨਾਲ ਉਤਪਾਦਕਾਂ ਨੂੰ ਫਾਇਦਾ ਹੋਇਆ ਹੈ।

ਇਸ ਮੰਚ ਨਾਲ ਹੁਣ ਤੱਕ 46000 ਏਕੜ ਜਮੀਨ ਉੱਪਰ 60 ਤੋ ਵੱਧ ਤਰ੍ਹਾ ਦੀਆਂ ਫਸਲਾਂ ਦਾ ਉਤਪਾਦਨ ਕਰਨ ਵਾਲੇ 34,382 ਕਿਸਾਨ ਜੁੜ ਚੁੱਕੇ ਹਨ।

ਉਤਪਾਦਕਾਂ ਨਾਲ ਦੋ- ਪਾਸ ਗੱਲਬਾਤ ਇਸ ਆਨਲਾਈਨ ਪ੍ਰੋਗਰਾਮ ਵਿੱਚ ਸਿਸਟਮ ਵਿੱਚ ਪਹਿਲਾਂ ਤੋ ਹੀ ਮੁਖ ਕੀਟਾਂ \ਬਿਮਾਰੀਆਂ ਬਾਰੇ ਸਿਫਾਰਸ਼ਾਂ ਅਪਲੋਡ ਕਰ ਦਿੱਤੀਆ ਜਾਂਦੀਆ ਹਨ। ਜਦੋ ਇਸ ਐਪ ਉੱਪਰ ਪਾਈ ਕੀਟ\ਬਿਮਾਰੀ ਦੀ ਫੋਟੋ ਖੇਤ ਵਿੱਚ ਮਿਲਣ ਵਾਲੇ ਕੀਟ ਨਾਲ ਮੇਲ ਖਾ ਜਾਂਦੀ ਹੈ ਤਾਂ ਕਿਸਾਨ ਆਪਣੀ ਸਥਾਨਕ ਭਾਸ਼ਾ ਵਿੱਚ ਦਿੱਤੀਆਂ ਸਿਫਾਰਸਾਂ ਪੜ - ਸੁਣ ਕੇ ਆਪਣੇ ਖੇਤ ਵਿੱਚ ਤੁਰੰਤ ਲਾਗੂ ਕਰ ਸਕਦਾ ਹੈ। ਜੇਕਰ ਮੇਲ ਨਹੀ ਖਾਂਦੀ ਤਾਂ ਤੁਰੰਤ ਫੋਟੋ ਖਿੱਚ ਕੇ ਕਿਸਾਨ ਆਪਣੀ ਟਿਪਣੀ ਨਾਲ ਅਪਲੋਡ ਕਰ ਸਕਦਾ ਹੈ ਜੋ ਕਿ ਅੱਗੋ ਵਿਭਾਗਾ ਦੇ ਮਾਹਿਰਾਂ\ਵਿਗਿਆਨੀਆਂ ਨੂੰ ਤੇਜੀ ਜਾਦੀ ਹੈ ਅਤੇ ਫਿਰ ਉਹ ਐਸ ਐਮ ਐਸ ਰਾਹੀ ਕਿਸਾਨ ਨੂੰਸਿਫਾਰਿਸ਼ਾ ਭੇਜਦੇ ਹਨ। ਕਿਸਾਨ ਨੂੰ ਇਸ ਸੁਨੇਹਾ ਮਿਲਦਾ ਹੈ- ਕਿ ਤੁਹਾਡੀ ਟਿੱਪਣੀ ਦੇਖ ਲਈ ਗਈ ਹੈ ਅਤੇ ਹੱਲ ਕਰ ਦਿੱਤੀ ਗਈ ਹੈ। ਫਿਰ ਕਿਸਾਨ ਨੂੰ ਐਪਲੀਕੇਸ਼ਨ ਉੱਪਰ ਸਿਫਾਰਿਸ਼ਾ ਦੇਖਣ ਲਈ ਸੁਨੇਹਾ ਭੇਜਿਆ ਜਾਦਾ ਹੈ। ਇਸ ਤਰ੍ਹਾ ਸਮੇ ਸਿਰ ਕਿਸਾਨ ਦੀਆਂ ਸਮੱਸਿਆਵਾਂ ਦਾ ਹੱਲ ਕਰਨ ਦੀ ਕੋਸਿਸ਼ ਕੀਤੀ ਜਾਂਦੀ ਹੈ ਅਤੇ ਸਹੀ ਜਾਣਕਾਰੀ ਉਪਲੱਬਧ ਕਰਵਾਈ ਜਾਂਦੀ ਹੈ।

ਐੱਫ ਪੀ ਓ ਮੋਬਾਇਲ ਆਧਾਰਿਤ ਤਕਨੀਕ ਇਸਤੇਮਾਲ ਕਰ ਰਹੀਆਂ ਹਨः ਕਿਸਾਨ ਪ੍ਰੋਫਾਈਲ ਨੂੰ ਵਿਵਸਥਿਤ ਕਰਨਾ, ਖੇਤਾਂ ਦੀ ਵਾੜ - ਬੰਦੀ ਕਰਨਾ, ਫਸਲ ਉਤਪਾਦਨ ਅਤੇ ਖਾਦ-ਕੀਟਨਾਸ਼ਕਾਂ ਦੇ ਪ੍ਰਯੋਗ ਬਾਰੇ ਸਹੀ ਜਾਣਕਾਰੀ ਇਕੱਠਾ ਕਰਨਾ ਹੁਣ ਸੰਭਵ ਹੋ ਪਾਇਆ ਹੈ। ਕਲੱਸਟਰ ਆਧਾਰਿਤ ਮੌਸਮ ਸੰਬੰਧਿਤ ਚੇਤਾਵਨੀਆਂ ਨੇ 384 ਐੱਫ.ਪੀ.ਓ ਲਈ ਉੱਪ ਆਪਣੇ ਬਿਜਨੈਸ਼ ਸੰਬੰਧੀ ਰਣਨੀਤਿਕ ਫੈਸਲੇ ਲੈਣੇ ਆਸਾਨ ਬਣਾ ਦਿੱਤੇ ਹਨ।

ਬਜ਼ਾਰਾਂ ਨਾਲ ਲਿੰਕ ਸੰਭਵ ਹੋ ਪਾਇਆ ਐਫ.ਪੀ.ਓ ਆਪਣੇ ਉਤਪਾਦਨ ਬਾਰੇ ਸੰਭਾਵਿਤ ਖਰੀਦਦਾਰਾਂ ਨੂੰ ਜਾਣਕਾਰੀ ਉਪਲੱਬਧ ਕਰਵਾਉਦੀਆਂ ਹਨ ਜਿਸ ਨਾਲ ਲੈਣ-ਦੇਣ ਆਨਲਾਈਨ ਹੋ ਗਿਆ ਹੈ। ਇਸ ਨਾਲ ਨਾ ਸਿਰਫ ਵਿਚੋਲਿਆਂ ਦਾ ਸਫਾਇਆ ਹੋਇਆ ਹੈ ਸਗੋਂ ਉਹਨ੍ਹਾਂ ਨੂੰ ਆਪਣੀ ਫਸਲ ਦਾ ਉੱਚਿਤ ਮੁੱਲ ਵੀ ਮਿਲ ਗਿਆ ਕਿਸਾਨਾਂ ਨੂੰ ਬਾਹਰੀ ਦੁਨੀਆਂ ਨਾਲ ਜੋੜਨਾ ਸਿਸਟਮ ਵਿੱਚ ਸਥਾਨਕ ਭਾਸ਼ਾ ਵਿੱਚ ਦਿੱਤੀ ਜਾਣਕਾਰੀ ਕਿਸਾਨਾ ਨੂੰ ਫਸਲ, ਬੀਜਾਂ, ਖਰੀਦਦਾਰਾਂ ਦੀ ਜਾਣਕਾਰੀ ਅਤੇ ਘੱਟ ਸਮੇਂ ਵਿੱਚ ਵਿਗਿਆਨੀਆਂ ਤੱਕ ਪਹੁੰਚ ਕਰਨ ਦੇ ਸਮਰੱਥ ਬਣਾਉਦੀ ਹੈ। ਉਹ ਫਸਲਾਂ ਨਾਲ ਸੰਬੰਧਿਤ ਖਾਸ ਰੋਗ\ਕੀਟ ਬਾਰੇ ਖੇਤੀ ਮਾਹਿਰਾਂ ਤੋ ਜਾਣਕਾਰੀ ਲੈ ਸਕਦੇ ਹਨ। ਨਵੇ ਖੇਤੀ ਸੰਦਾਂ ਅਤੇ ਮਸ਼ੀਨਰੀ ਬਾਰੇ ਮਾਹਿਰਾਂ ਦੀ ਰਾਏ ਜਾਣ ਸਕਦੇ ਹਨ ਅਤੇ ਸਰਕਾਰ ਅਤੇ ਬੈਂਕ ਜੋ ਵੀ ਸਕੀਮਾਂ ਉਪਲੱਬਧ ਕਰਵਾ ਰਹੇ ਹਨ। ਸਭ ਦੀ ਜਾਣਕਾਰੀ ਇੱਕ ਹੀ ਸ੍ਰੋਤ ਤੋ ਲੈ ਸਕਦੇ ਹਨ ਜੋ ਕਿ ਆਸਾਨੀ ਨਾਲ ਉਪਲੱਬਧ ਹੈ ਅਤੇ ਸਮਝਣੀ ਸੰਭਵ ਹੈ। ◆

***ਵੈਂਕਟ ਮਾਰੋਜੂ***

***ਸੌਰਸਟਰੇਸ ਕਾਰਪੋਰੇਟ ਹੈਡਕੁਰਮਾ***

***125, ਕੈਬਰਿਨ ਪਾਰਕ ਡਰਾਈਵ***

***ਸੁਇਟ 301, ਕੈਬਰਿਨ***

**E-mail: vmaroju@sourcetrace.com**

**Digital Solution for Marketing**
**LEISA INDIA, Sept 2020**

# ਸਾਡਾ ਬਗੀਚਾ ਸਾਡੀ ਜਿੰਦਗੀ

## ਸੁਰੇਸ਼ ਕੰਨਾ

ਸੰਸਾਰ ਨੂੰ ਪਾਰ ਕਰਦੇ ਹੋਏ, 'ਆਪਣਾ ਭੋਜਨ ਉਗਾਓ' ਦਾ ਸੰਕਲਪ ਪ੍ਰਸਿੱਧੀ ਪ੍ਰਾਪਤ ਕਰ ਰਿਹਾ ਹੈ, ਖਾਸ ਤੌਰ ਤੇ ਸ਼ਹਿਰਾਂ ਵਿੱਚ ਠੋਸ ਰਹਿੰਦ - ਖੂੰਹਦ ਸਾਡੀਆਂ ਗਲੀਆਂ ਅਤੇ ਜਲ ਸ੍ਰੋਤਾਂ ਨੂੰ ਪ੍ਰਦੂਸ਼ਿਤ ਕਰਦਾ ਹੈ। ਇਹ ਗਰੀਬੀ, ਬਾਲਣ ਅਤੇ ਪਾਣੀ ਦੀ ਕਮੀ ਵਿੱਚ ਯੋਗਦਾਨ ਪਾਉਂਦਾ ਹੈ। ਹਰ ਘਰ ਵਿੱਚ ਇੱਕ ਵਿਹੜਾ ਜਾਂ ਛੱਤ ਵਾਲਾ ਰਸੋਈ ਬਗੀਚਾ ਬਣ ਸਕਦਾ ਹੈ। ਇਹ ਸਿਹਤਮੰਦ ਸ਼ਹਿਰੀ ਵਾਤਾਵਰਣ ਬਣਾਉਣ ਅਤੇ ਲੋਕਾਂ ਵਿੱਚ ਵਿਵਹਾਰ ਵਿੱਚ ਤਬਦੀਲੀ ਲਿਆਉਣ ਲਈ ਇੱਕ ਹਰੇ ਬੁਨਿਆਦੀ ਢਾਂਚੇ ਦੀ ਰਣਨੀਤੀ ਦਾ ਹਿੱਸਾ ਹੋ ਸਕਦਾ ਹੈ। ਨਾਗਰਿਕਾਂ ਨੂੰ ਆਪਣੇ ਸਬਜੀਆਂ ਦੇ ਬਾਗਾਂ ਵਿੱਚ ਵਰਤੋਂ ਲਈ ਖਾਦ ਤਿਆਰ ਕਰਨ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ, ਜਿਸ ਨਾਲ ਲੈਂਡਫਿਲ ਵਿੱਚ ਜਾਣ ਵਾਲੇ ਕੂੜੇ ਨੂੰ ਘਟਾਇਆ ਜਾ ਸਕਦਾ ਹੈ।

ਅਜਿਹੇ ਬਗੀਚਿਆਂ ਦੀ ਸਥਾਪਨਾ ਨਾਲ ਕਈ ਤਰੀਕਿਆਂ ਨਾਲ ਲਾਭ ਹੋ ਸਕਦਾ ਹੈ। ਉਹ ਸੁਰੱਖਿਅਤ, ਪੌਸ਼ਟਿਕ ਅਤੇ ਤਾਜ਼ੇ ਭੋਜਨ ਤੱਕ ਪਹੁੰਚ ਵਧਾਉਂਦੇ ਹਨ; ਰਹਿੰਦ - ਖੂੰਹਦ ਦੇ ਪ੍ਰਬੰਧਨ ਦੀ ਸਹੂਲਤ ਦਿੰਦਾ ਹੈ, ਇਸ ਤਰ੍ਹਾ ਵਾਤਾਵਰਣ ਨੂੰ ਸਾਫ਼ ਰੱਖਣਾ ਅਤੇ ਸਿਹਤ ਦੇ ਖਤਰਿਆਂ ਨੂੰ ਘਟਾਉਣਾ; ਕਮਜ਼ੋਰ ਸਮੂਹਾਂ ਨੂੰ ਵਾਧੂ ਆਮਦਨ ਪ੍ਰਦਾਨ ਕਰਦਾ ਹੈ; ਨਾਗਰਿਕਾਂ ਨੂੰ ਸਕਾਰਾਤਮਕ ਤੌਰ ਤੇ ਸ਼ਾਮਲ ਹੋਣ ਲਈ ਉਤਸ਼ਾਹਿਤ ਕਰਦਾ ਹੈ, ਤਾਪਮਾਨ ਘਟਾਉਂਦਾ ਹੈ ਅਤੇ ਕਾਰਬਨ ਨਿਕਾਸ ਨੂੰ ਘਟਾਉਂਦਾ ਹੈ।

### ਘਰੇਲੂ ਬਾਗਬਾਨੀ ਨਾਲ ਮੇਰਾ ਤਜਰਬਾ

ਮੈਂ 2000 ਤੋਂ ਤ੍ਰਿਚੀ ਵਿੱਚ ਰਹਿ ਰਿਹਾ ਹਾਂ। ਸ਼ੁਰੂ ਵਿੱਚ, ਇੱਥੇ ਸਥਿਤ ਕਿਰਾਏ ਦੇ ਘਰ ਵਿੱਚ ਰਹਿੰਦਾ ਸੀ ਜਿਸ ਵਿੱਚ ਕੁਝ ਵੀ ਉਗਾਉਣ ਲਈ ਖਾਲੀ ਥਾਂ ਨਹੀ ਸੀ। ਅਸੀ ਰੀਸਾਈਕਲ ਕੀਤੀਆਂ ਬੋਤਲਾਂ ਅਤੇ ਕੰਟੇਨਰਾਂ ਦੀ ਵਰਤੋਂ ਕਰਕੇ ਆਪਣੀ ਬਾਲਕੋਨੀ 'ਤੇ ਕੁਝ ਸਾਗ ਅਤੇ ਜੜੀਆਂ-ਬੂਟੀਆਂ ਉਗਾਈਆਂ। ਲਗਭਗ ਇੱਕ ਸਾਲ ਪਹਿਲਾਂ, ਅਸੀ ਤ੍ਰਿਚੀ ਦੇ ਬਾਹਰਵਾਰ ਸਥਿਤ ਆਪਣੇ ਘਰ ਵਿੱਚ ਚਲੇ ਗਏ, ਜਦੋਂ ਕਿ ਅਸੀਂ 800 ਵਰਗ ਫੁੱਟ ਦੇ ਖੇਤਰ ਵਿੱਚ ਇੱਕ ਘਰ ਬਣਾਇਆ, ਲਗਭਗ 1600 ਵਰਗ ਫੁੱਟ ਜਾਂ ਦੋ ਤਿਹਾਈ ਜਗ੍ਹਾ ਇੱਕ ਬਗੀਚੇ ਦੇ ਪਾਲਣ ਪੋਸ਼ਣ ਲਈ ਖਾਲੀ ਛੱਡ ਦਿੱਤੀ ਗਈ ਸੀ।

ਪੌਦ ਵਿਗਿਆਨ ਵਿੱਚ ਮੇਰੀ ਵਿਦਿਅਕ ਪਿਛੋਕੜ ਅਤੇ 1995 ਤੋਂ, ਤ੍ਰਿਚੀ, ਤਾਮਿਲਨਾਡੂ, ਭਾਰਤ ਵਿੱਚ ਸਥਿਤ ਇੱਕ ਐੱਨ ਜੀ ਓ, 'ਕੁਡੰਮਬਾਮ' ਨਾਲ ਮੇਰੀ ਸਾਂਝ, ਨੇ ਟਿਕਾਊ ਖੇਤੀ ਤਕਨੀਕਾਂ ਦੀ ਵਰਤੋਂ ਸ਼ੁਰੂ ਕਰਨ ਵਿੱਚ ਮੇਰੀ ਮਦਦ ਕੀਤੀ। ਅਸੀਂ ਪਹਿਲਾਂ ਘਰ ਦੇ ਦੁਆਲੇ ਵਾੜ ਲਗਾਈ। ਫਿਰ, ਅਸੀਂ ਆਪਣੇ ਘਰ ਦੇ ਬਗੀਚੇ ਨੂੰ ਡਿਜ਼ਾਈਨ ਕਰਨਾ ਸ਼ੁਰੂ ਕੀਤਾ। ਮੇਰਾ ਸਾਰਾ ਪਰਿਵਾਰ ਜਿਸ ਵਿੱਚ ਚਾਰ ਮੈਂਬਰ ਹਨ ਮੇਰੀ ਪਤਨੀ ਗਜਾ, ਮੇਰੀ ਧੀ ਸ਼ਰੁਤੀ, ਮੇਰਾ ਬੇਟਾ ਹਰੀਸ਼, ਅਤੇ ਮੈਂ ਡਿਜ਼ਾਈਨ ਵਿੱਚ ਸ਼ਾਮਲ ਹੋ ਗਏ।




*ਸੁਰੇਸ਼ ਆਪਣੇ ਖੇਤ ਵਿੱਚੋਂ ਵਾਢੀ ਕੀਤੀ ਉਪਜ ਨਾਲ*

ਘਰੇਲੂ ਬਗੀਚੀ ਨੂੰ ਡਿਜ਼ਾਈਨ ਕਰਨ ਦਾ ਸਾਡਾ ਵਿਚਾਰ ਬਹੁਤ ਸਰਲ ਸੀ। ਅਸੀ ਛੋਟੀ ਸ਼ੁਰੂਆਤ ਕੀਤੀ, ਜਿਸ ਨਾਲ ਅਸੀ ਕੈਟਿੰਗ ਵਿੱਚ ਦਿਲਚਸਪੀ ਰੱਖਦੇ ਸੀ। ਅਸੀ ਆਪਣੇ ਪਰਿਵਾਰ ਦੀਆਂ ਰਸੋਈ ਦੀਆਂ ਲੋੜਾਂ ਦਾ ਇੱਕ ਸਧਾਰਨ ਵਿਸ਼ਲੇਸ਼ਣ ਕੀਤਾ ਅਤੇ ਉਹਨ੍ਹਾਂ ਨੂੰ ਥੋੜੇ ਸਮੇ ਦੀਆਂ ਲੋੜਾਂ ਵਜੋਂ ਸ਼੍ਰੇਣੀਬੱਧ ਕੀਤਾ, ਜਦੋ ਕਿ ਗੈਰ-ਰਸੋਈ ਦੀਆਂ ਲੋੜਾਂ ਵਜੋਂ ਸ਼੍ਰੇਣੀਬੱਧ ਕੀਤਾ ਗਿਆ। ਅਸੀਂ ਆਪਣੇ ਬਾਗ 'ਤੇ ਖਰਚ ਕਰਨ ਲਈ ਬਹੁਤ ਸੁਚੇਤ ਸੀ। ਅਸੀ ਤਿੰਨ ਆਰ- ਰੀਓਜ਼, ਰੀਸਾਈਕਲ, ਰੀਯੂਜ਼ ਦੀ ਵਰਤੋ ਕਰਦੇ ਹੋਏ, ਸਾਡੇ ਕੋਲ ਜੋ ਵੀ ਸੀ ਉਸ ਨਾਲ ਸ਼ੁਰੂ ਕਰਨ ਦਾ ਫੈਸਲਾ ਕੀਤਾ। ਇਸ ਤਰ੍ਹਾਂ, ਅਸੀਂ ਅੱਠ ਮਹੀਨਿਆਂ ਵਿੱਚ ਆਪਣੇ ਵਿਹੜੇ ਵਿੱਚ ਇੱਕ ਛੋਟਾ ਜਿਹਾ ਘਰੇਲੂ ਬਗੀਚਾ ਸਥਾਪਿਤ ਕੀਤਾ।

### ਰਸੋਈ ਲਈ ਪੌਦੇ

ਸਾਡੀ ਰਸੋਈ ਵਿੱਚ ਵਰਤਣ ਲਈ, ਅਸੀਂ ਕੋਡੀਪਾਸਲਾਈ (ਬੇਸਿਲਾ ਐਬਲਾ), ਬੋਨਨਗਨਨੀ (ਅਲਟਰਨੈਂਥੇਰਾ ਸੇਸਿਲਿਸ), ਕੁਥੁਪਾਸਲਾਈ (ਬਸੀਲਾ ਰੂਬਰਾ), ਪੁਲੀਚਕੇਰਾਈ(ਹਿਬਿਸਕਸ ਕੈਨਾਬਿਨਸ), ਵੇਂਧਾਯਾ ਕੀਰਾਈ (ਮੇਥੀ), ਮੁਰੁੱਗਾਕੀਰਾਈ ਡਰੱਮਸਟਿੱਕ) ਵਰਗੇ ਸਾਗ ਲਗਾਏ। ਇਹ ਸਾਗ ਹਨ ਅਸੀਂ ਨਾਸ਼ਤੇ ਅਤੇ ਦੁਪਹਿਰ ਦੇ ਖਾਣੇ ਲਈ ਸਹਾਇਕ ਵਜੋਂ ਵਰਤਦੇ ਹਾਂ। ਅਸੀਂ ਆਮ ਤੌਰ ਤੇ ਰਾਤ ਦੇ ਖਾਣੇ ਦੇ ਨਾਲ ਸਾਗ ਖਾਣ ਤੋਂ ਪਰਹੇਜ਼ ਕਰਦੇ ਹਾਂ। ਸਾਡੇ ਕੋਲ ਕਰੀ ਪੱਤੇ ਵੀ ਹਨ, ਜੋ ਅਸੀ ਸੀਜ਼ਨਿੰਗ ਲਈ ਵਰਤਦੇ ਹਾਂ। ਅਸੀਂ ਸਬਜ਼ੀਆਂ ਜਿਵੇਂ ਕਿ ਟਮਾਟਰ, ਭਿੰਡੀ, ਬੈਂਗਣ, ਸੁੰਡਾਈਕਾਈ (ਸੋਲਨਮ ਤੋਰਵਮ), ਕਲੱਸਟਰ ਬੀਨ, ਡਰੱਮਸਟਿਕ, ਕਰੇਲਾ, ਬੋਤਲ ਲੌਕੀ ਅਤੇ ਸੁਆਹ ਲੌਕੀ ਦੀ ਵਰਤੋਂ ਕਰਦੇ ਹਾਂ, ਜੋ ਅਸੀ ਸਾਂਬਰ ਅਤੇ ਪੋਰਿਆਲ ਵਰਗੇ ਪਕਵਾਨਾਂ ਵਿੱਚ ਵਰਤਦੇ ਹਾਂ।

### ਸਿਹਤ ਲਈ ਪੌਦੇ

ਅਸੀਂ ਕਾਲੀ ਤੁਲਸੀ, ਐਲੋਵੇਰਾ, ਅਦਥੋਡਾ (ਜਸਟਿਸੀਆ ਅਧਾਟੋਡਾ) ਅਰੁਗਮਪੁਲ (ਸਾਈਨੋਡੋਨ ਡੈਕਟਾਈਲੋਨ), ਥਿਰੂਨੇਤਰੂ ਪੈਚਿਲਾਈ, ਥੁਥੁਵਲਾਈ, ਪਿਰਾਂਦਾਈ, ਬੇਟਲ ਵੇਲ, ਲੈਮਨ ਗ੍ਰਾਸ, ਰਣਕੱਲੀ, ਓਮਾਵੱਲੀ, ਕੀਲਾਨੇਲੀ, ਨਾਇਕਾਡੁਗੁ, ਮਾਰੂਲੀ,

ਕਰੀਲਨਸੁਤਨੀ ਅਤੇ ਪੌਦ ਵੀ ਲਗਾਏ ਹਨ। ਕੁਪਾਈਮੇਨੀ (ਅਚਲਿਪਾ ਇੰਡੀਕਾ)। ਅਸੀਂ ਇਸ ਪੈਚ ਨੂੰ ਘਰ ਵਿੱਚ ਆਪਣੀ ਫਾਰਮੇਸੀ ਕਹਿੰਦੇ ਹਾਂ। ਇਹ ਪੌਦੇ ਸਰਦੀ, ਖਾਂਸੀ, ਨੱਕ ਵਗਣਾ, ਬੁਖਾਰ, ਸਰੀਰ ਵਿੱਚ ਦਰਦ, ਸਿਰ ਦਰਦ ਅਤੇ ਕਬਜ਼ ਵਰਗੀਆਂ ਆਮ ਬਿਮਾਰੀਆਂ ਦੇ ਇਲਾਜ ਵਿੱਚ ਮਦਦ ਕਰਦੇ ਹਨ। ਇਹ ਸਰੀਰ ਦੀ ਗਰਮੀ, ਬਲੱਡ ਪ੍ਰੈਸ਼ਰ ਅਤੇ ਬਲੱਡ ਸ਼ੂਗਰ ਨੂੰ ਕੰਟਰੋਲ ਕਰਨ ਵਿੱਚ ਵੀ ਮਦਦ ਕਰਦੇ ਹਨ। ਇਨ੍ਹਾਂ ਜੜ੍ਹੀਆਂ ਬੂਟੀਆਂ ਨੂੰ ਕੱਚਾ ਖਾਧਾ ਜਾ ਸਕਦਾ ਹੈ ਜਾਂ ਹਰਬਲ ਚਾਹ, ਸੂਪ, ਸਾਂਬਰ ਅਤੇ ਚਟਨੀ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ।

### ਧਾਰਮਿਕ ਰਸਮਾਂ ਲਈ ਪੌਦੇ

ਹਿਬੀਕਸ, ਐਨਥੀਮਨਥਰਾਈ, ਪਿਟੀਚੀਪੋ, ਕੰਗੀਥਾਪੋ, ਅਨਡਾਰਲੀਪੋ, ਚਮੇਲੀ ਮੇਰੀ ਪਤਨੀ ਅਤੇ ਧੀ ਲਈ ਹੈ, ਜਦਕਿ ਬਾਕੀ ਫੁੱਲ ਸਾਡੇ ਪੂਜਾ ਕਮਰੇ ਵਿੱਚ ਭਗਵਾਨ ਨੂੰ ਚੜ੍ਹਾਏ ਜਾਂਦੇ ਹਨ। ਹਰ ਰੋਜ਼ ਸਵੇਰੇ, ਪਿਛਲੇ ਦਿਨ ਦੇ ਫੁੱਲਾਂ ਦੀ ਭੇਟਾਂ ਨੂੰ ਪੂਜਾ ਕਮਰੇ ਵਿੱਚੋਂ ਇਕੱਠਾ ਕਰਕੇ ਖਾਦ ਦੇ ਟੋਏ ਵਿੱਚ ਭੇਜਿਆ ਜਾਂਦਾ ਹੈ ਜਦੋ ਕਿ ਕਮਰੇ ਨੂੰ ਪੰਜੇ ਤਾਜ਼ੇ ਫੁੱਲ ਮਿਲਦੇ ਹਨ। ਹਿਬਿਸਕਸ ਦੀਆਂ ਪੱਤੀਆਂ ਖੂਨ ਦੀ ਸ਼ੁੱਧਤਾ ਲਈ ਵਧੀਆ ਹੁੰਦੀਆਂ ਹਨ। ਇਸ ਲਈ, ਜਿਸ ਦਿਨ ਹਿਬਿਕਸ ਦੇ ਫੁੱਲ ਭਗਵਾਨ ਨੂੰ ਭੇਟ ਕੀਤੇ ਜਾਂਦੇ ਹਨ, ਅਸੀਂ ਪੱਤੀਆਂ ਦਾ ਸੇਵਨ ਕਰਦੇ ਹਾਂ।

### ਰੁੱਖ

ਅਸੀ ਕਈ ਕਿਸਮਾਂ ਦੇ ਰੁੱਖ ਲਗਾਏ ਹਨ ਜਿਨ੍ਹਾਂ ਦੇ ਕਈ ਉਪਯੋਗ ਹਨ। ਸਾਡੇ ਕੋਲ ਅੰਬ, ਪਪੀਤਾ, ਕਾਜੂ, ਜੈਕਫਰੂਟ, ਅਮਰੂਦ, ਕੋਡੂਕਾਪੁਲੀ, ਕੇਲਾ ਅਤੇ ਆਂਵਲਾ ਜਾਂ ਕਰੌਦਾ ਵਰਗੇ ਫਲਦਾਰ ਰੁੱਖ ਹਨ। ਅਸੀਂ ਅਜਿਹੇ ਰੁੱਖ ਵੀ ਲਗਾਏ ਹਨ ਜਿਨ੍ਹਾਂ ਦੀ ਲੱਕੜ ਦੀ ਕੀਮਤ ਹੈ; ਟੀਕ, ਸੇਮਰਾਮ, ਕੈਸੁਰੀਨਾ, ਨਿੰਮ ਅਤੇ ਪੂਵਾਰਸੂ। ਫਲਦਾਰ ਦਰੱਖਤ ਦੋ ਸਾਲਾਂ ਵਿੱਚ ਝਾੜ ਦੇਣਾ ਸ਼ੁਰੂ ਕਰ ਦੇਣਗੇ, ਜਦੋਂ ਕਿ ਲੱਕੜ ਦੇ ਰੁੱਖ ਲੰਬੇ ਸਮੇਂ ਵਿੱਚ ਸਾਡੇ ਪਰਿਵਾਰ ਨੂੰ ਲਾਭ ਪਹੁੰਚਾਉਣਗੇ।

### ਛੋਟੀਆਂ-ਛੋਟੀਆਂ ਚੀਜ਼ਾਂ ਜੋ ਇੱਕ ਵੱਡਾ ਫ਼ਰਕ ਪਾਉਂਦੀਆਂ ਹਨ

ਸਾਡੇ ਬਗੀਚੇ ਵਿੱਚ ਕਈ ਥਾਵਾਂ 'ਤੇ, ਅਸੀਂ ਪਿਆਸੇ ਪੰਛੀਆਂ ਲਈ ਵਰਤੀਆਂ ਹੋਈਆਂ ਪਲਾਸਟਿਕ ਦੀਆਂ ਬੋਤਲਾਂ ਵਿੱਚ ਪਾਣੀ ਰੱਖਿਆ ਹੈ। ਜਦੋਂ ਉਹ ਪਾਣੀ ਪੀਣ ਲਈ ਆਉਂਦੇ ਹਨ ਉਹ ਬਗੀਚੇ ਦੇ ਕੀੜਿਆਂ ਨੂੰ ਖਾ ਕੇ ਕੀਟ ਪ੍ਰਬੰਧਨ ਦੀ ਕਰਦੇ ਹਨ। ਅਸੀਂ ਕੀੜਿਆਂ ਦੀ ਚਿੰਤਾ ਨਹੀਂ ਕਰਦੇ ਕਿਉਂਕਿ ਬਗੀਚਾ ਸਿਰਫ਼ ਮਨੁੱਖਾਂ ਲਈ ਹੀ ਨਹੀ, ਸਗੋਂ ਸਾਰੇ ਜੀਵ- ਜੰਤੂਆਂ ਲਈ ਹੈ। ਮੋਰ, ਮੈਨਾ ਅਤੇ ਚਿਤੂਰੀਵੀ ਸਾਡੇ ਬਗੀਚੇ ਵਿੱਚ ਨਿਯਮਿਤ ਤੌਰ 'ਤੇ ਆਉਂਦੇ ਹਨ। ਅਸੀਂ ਚਿੱਟੂਕੁਰੀਵੀ ਦੇ ਆਲ੍ਹਣੇ ਲਈ ਇੱਕ ਬੇਰੋਕ ਜਗ੍ਹਾ ਰੱਖਦੇ ਹਾਂ। ਜੇਕਰ ਅਸੀਂ ਬਗੀਚੇ ਵਿੱਚ ਕਿਤੇ ਵੀ ਖੋਦਾਈ ਕਰਦੇ ਹਾਂ ਤਾਂ ਸਾਨੂੰ ਬਹੁਤ ਸਾਰੇ ਕੀੜੇ ਮਿਲਦੇ ਹਨ; ਇਹ ਦਰਸਾਉਂਦਾ ਹੈ ਕਿ ਮਿੱਟੀ ਸਿਹਤਮੰਦ ਅਤੇ ਜਿੰਦਾ ਹੈ।

ਇਸ ਘਰੇਲੂ ਬਗੀਚੇ ਰਾਹੀਂ, ਸਾਨੂੰ ਹਰ ਸਵੇਰ ਤਾਜ਼ੀ ਹਵਾ ਮਿਲਦੀ ਹੈ ਕਿਉਂਕਿ ਅਸੀਂ ਬਗੀਚੇ ਵਿੱਚ ਘੱਟੋ-ਘੱਟ ਇੱਕ ਘੰਟਾ ਕੰਮ ਕਰਦੇ ਹਾਂ। ਇਹ ਸਾਨੂੰ ਤੰਦਰੁਸਤ ਅਤੇ ਸਿਹਤਮੰਦ ਰਹਿਣ ਵਿੱਚ ਮਦਦ ਕਰਦਾ ਹੈ ਅਤੇ ਸਾਡੇ ਪਰਿਵਾਰ ਨੂੰ ਕੁਦਰਤ ਦੇ ਨੇੜੇ ਲਿਆਉਂਦਾ ਹੈ, ਕੁਦਰਤ ਸਾਨੂੰ ਜੋ ਵੀ ਦਿੰਦੀ ਹੈ ਉਸ ਦਾ ਆਨੰਦ ਲੈਣਾ ਸਿਖਾਉਂਦੀ ਹੈ। ਰੀਸਾਈਕਲਿੰਗ ਦੀ ਧਾਰਨਾ ਲਈ ਕਾਫ਼ੀ ਸਪੇਸ ਅਨੁਭਵ ਹੈ। ਸਬਜ਼ੀਆਂ, ਫਲ, ਸਾਗ ਅਤੇ ਫੁੱਲ ਬਗੀਚੇ ਤੋ ਰਸੋਈ ਤੱਕ ਆਉਦੇ ਹਨ। ਅਤੇ ਰਸੋਈ ਦਾ ਕੂੜਾ ਰੂੜੀ ਅਤੇ ਖਾਦ ਦੇ ਰੂਪ ਵਿੱਚ ਬਾਗ ਵਿੱਚ ਵਾਪਸ ਜਾਂਦਾ ਹੈ। ਇਸ ਤੋਂ ਵੀ ਮਹੱਤਵਪੂਰਨ ਗੱਲ ਇਹ ਹੈ ਕਿ ਅਸੀਂ ਆਪਣੇ ਖੁਦ ਦੇ ਬੀਜਾਂ ਨੂੰ ਬਚਾਉਣਾ ਸ਼ੁਰੂ ਕਰ ਦਿੱਤਾ ਅਤੇ ਸਬਜ਼ੀਆਂ, ਦਾਲਾਂ, ਜੜੀਆਂ-ਬੂਟੀਆਂ, ਸਾਗ ਅਤੇ ਫੁੱਲਾਂ ਦੇ ਬੀਜ ਬੈਂਕ ਨੂੰ ਕਾਇਮ ਰੱਖਣਾ ਸ਼ੁਰੂ ਕਰ ਦਿੱਤਾ ਹੈ। ਇਹ ਜੀਵਨ ਦਾ ਇੱਕ ਵਾਤਾਵਰਣ ਅਤੇ ਪੁਨਰਜਨਮ ਤਰੀਕਾ ਹੈ। ਅਸੀਂ ਇਨਕਾਰ, ਰੀਸਾਈਕਲ ਅਤੇ ਮੁੜ ਵਰਤੋਂ ਦੇ ਸਿਧਾਂਤਾਂ 'ਤੇ ਧਿਆਨ ਕੇਂਦਰਿਤ ਕਰਦੇ ਹਾਂ। ਸਾਰੇ ਪੌਦੇ ਪਹਿਲਾਂ ਵਰਤੇ ਗਏ ਪਲਾਸਟਿਕ ਦੇ ਟੱਬਾਂ ਅਤੇ ਬੋਤਲਾਂ ਵਿੱਚ ਉਗਾਏ ਜਾਂਦੇ ਹਨ। ਸਾਡੇ ਬਾਗ ਦੇ ਜ਼ਿਆਦਾਤਰ ਸੰਦ ਅਖੌਤੀ ਰਹਿੰਦ ਖੂੰਹਦ ਤੋਂ ਬਣੇ ਹੁੰਦੇ ਹਨ। ਅਸੀਂ ਆਪਣੇ ਬਗੀਚੇ ਨੂੰ ਵਿਆਪਕ ਬਣਾਉਣ ਲਈ ਚਿਕਨ, ਮੱਛੀ ਅਤੇ ਬੱਕਰੀ ਵਰਗੇ ਹੋਰ ਹਿੱਸਿਆਂ ਨੂੰ ਜੋੜਨ ਦੀ ਉਮੀਦ ਕਰਦੇ ਹਾਂ।

ਅਸੀਂ ਆਪਣੀ ਬਗੀਚੀ ਦੀ ਬਹੁਤ ਸਾਰੀ ਉਪਜ ਆਪਣੇ ਗੁਆਂਢੀਆਂ ਰਿਸ਼ਤੇਦਾਰਾਂ, ਦੁੱਧ ਪਾਉਣ ਵਾਲੇ ਅਤੇ ਸਫ਼ਾਈ ਕਰਨ ਵਾਲਿਆਂ ਨਾਲ ਵੀ ਮੁਫਤ ਵਿੱਚ ਸਾਂਝੀ ਕਰਦੇ ਹਾਂ। ਇਹ ਗੁਆਂਢੀਆਂ ਨਾਲ ਦੋਸਤਾਨਾ ਸੰਬੰਧ ਬਣਾਉਣ ਵਿੱਚ ਮਦਦ ਕਰਦਾ ਹੈ ਅਤੇ ਉਹਨ੍ਹਾਂ ਨੂੰ ਆਪਣਾ ਬਗੀਚਾ ਸ਼ੁਰੂ ਕਰਨ ਲਈ ਪ੍ਰੇਰਿਤ ਕਰਦਾ ਹੈ। ਕੋਵਿਡ 19 ਅਤੇ ਨਤੀਜੇ ਵਜੋਂ ਦੋ ਮਹੀਨਿਆਂ ਤੋਂ ਵੱਧ ਦੇ ਲੌਕਡਾਉਨ ਨੇ ਸਾਡੇ ਪਰਿਵਾਰ ਨੂੰ ਬਗੀਚੇ ਵਿੱਚ ਵਧੇਰੇ ਸਮਾਂ ਬਿਤਾਉਣ ਲਈ ਮਜਬੂਰ ਕੀਤਾ ਹੈ। ਨਤੀਜੇ ਵਜੋਂ, ਬਾਗ ਨੇ ਸਾਨੂੰ ਫਲਾਂ, ਫੁੱਲਾਂ, ਸਬਜ਼ੀਆਂ ਅਤੇ ਸਾਗ ਦੇ ਰੂਪ ਵਿੱਚ ਬਹੁਤ ਸਾਰੀਆਂ ਉਪਜਾਂ ਦਿੱਤੀਆਂ ਹਨ। ਪੰਛੀਆਂ ਦੀ ਆਵਾਜ਼ ਨੇ ਸਾਡੇ ਦਿਨ ਦੇ ਸ਼ੁਰੂਆਤੀ ਸਮੇਂ ਦੇ ਇਲੈਕਟ੍ਰਾਨਿਕ ਅਲਾਰਮ ਦੀ ਥਾਂ ਲੈ ਲਈ ਹੈ। ਇਸ ਤਰ੍ਹਾਂ, ਸਾਡੇ ਪਰਿਵਾਰ ਨੂੰ ਇਹ ਅਹਿਸਾਸ ਹੋ ਗਿਆ ਕਿ ਸਾਡਾ ਬਗੀਚਾ ਸਾਡੀ ਜਿੰਦਗੀ ਹੈ। ◆

**ਸੁਰੇਸ਼ ਕੰਨਾ**
ਕੁਡੰਬਮ,
ਘਰ ਨੰਬਰ 113/118, ਸੁੰਦਰਰਾਜ ਨਗਰ, ਸੁਬਰਾਮਣਿਆਪੁਰਮ,
ਤ੍ਰਿਚੀ- 620020, ਤਾਮਿਲਨਾਡੂ, ਭਾਰਤ
ਈ-ਮੇਲ : Sureshkanna_kudumbam@yahoo.in

**Our Garden, Our Life**
**LEISA India, September 2020**